2-JULY-PAGE-1.qxd 7/1/2023 10:36 PM Page 1

ਐਤਵਾਰ, 2 ਜੁਲਾਈ, 2023
18 ਹਾੜ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 31

ਨਵਾਂ ਜ਼ਮਾਨਾ

DAILY NAWAN ZAMANA • SUNDAY, 2 JULY, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 8+6=14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਮਹਾਰਾਸ਼ਟਰ : ਬੱਸ ਹਾਦਸੇ 'ਚ 26 ਯਾਤਰੀ ਜਿਊਂਦਾ ਸੜੇ

ਡੀ ਐੱਨ ਏ ਨਾਲ ਹੋਵੇਗੀ ਪਛਾਣ

ਮੁੰਬਈ : ਮਹਾਰਾਸ਼ਟਰ 'ਚ ਸਮੂਰਦੀ ਐੱਕਸਪ੍ਰੈੱਸ ਵੇ 'ਤੇ ਬੱਸ ਹਾਦਸੇ 'ਚ 26 ਯਾਤਰੀ ਜਿਊਂਦਾ ਸੜ ਗਏ। ਬੁਲਧਾਨਾ ਜ਼ਿਲ੍ਹੇ 'ਚ ਸ਼ਨੀਵਾਰ ਤੜਕੇ ਹੋਈ ਇਸ ਘਟਨਾ ਦੌਰਾਨ ਸੱਤ ਯਾਤਰੀ ਬਚ ਗਏ। ਇਨ੍ਹਾਂ 'ਚੋਂ ਇੱਕ ਯਾਤਰੀ ਨੇ ਇਸ ਹਾਦਸੇ ਬਾਰੇ ਦੱਸਿਆ ਕਿ ਉਸ ਨੇ ਕਿਸ ਤਰ੍ਹਾਂ ਆਪਣੀ ਜਾਨ ਬਚਾਈ। ਉਸ ਨੇ ਦੱਸਿਆ ਕਿ ਉਹ ਬੱਸ ਦਾ ਪਿਛਲਾ ਸ਼ੀਸ਼ਾ ਤੋੜ ਕੇ ਬੱਸ ਵਿਚੋਂ ਬਾਹਰ ਨਿਕਲਿਆ। ਉਥੇ ਹੀ ਇੱਕ ਹੋਰ ਸਥਾਨਕ ਨਿਵਾਸੀ ਨੇ ਦੱਸਿਆ ਕਿ ਅੱਗ ਏਨੀ ਤੇਜ਼ ਸੀ ਕਿ ਉਹ ਬੇਵੱਸ ਹੋ ਕੇ ਲੋਕਾਂ ਨੂੰ ਜਿਊਂਦਾ ਸੜਦੇ ਦੇਖਦਾ ਰਹਿ ਗਿਆ। ਜ਼ਿਕਰਯੋਗ ਹੈ ਕਿ ਨਾਗਪੁਰ ਤੋਂ ਪੁਣੇ ਜਾ ਰਹੀ ਇਹ ਨਿੱਜੀ ਯਾਤਰੀ ਬੱਸ ਰਾਤ ਨੂੰ ਡਿਵਾਇਡਰ ਨਾਲ ਟਕਰਾ ਕੇ ਹਾਦਸੇ ਦਾ ਸ਼ਿਕਾਰ ਹੋ ਗਈ। ਪੁਲਸ ਮੁਤਾਬਕ ਬੱਸ 'ਚ 33 ਯਾਤਰੀ ਸਵਾਰ ਸਨ। ਹਾਦਸੇ 'ਚ 26 ਯਾਤਰੀਆਂ ਦੀ ਮੌਤ ਹੋ ਗਈ। ਹਾਦਸੇ 'ਚ ਵਾਲ-ਵਾਲ ਬਚੇ ਯਾਤਰੀ ਨੇ ਦੱਸਿਆ ਕਿ ਬੱਸ ਦਾ ● ਬਾਕੀ ਸਫ਼ਾ 2 'ਤੇ

ਬੇਕਾਬੂ ਟਰੱਕ ਨੇ 48 ਲੋਕਾਂ ਨੂੰ ਦਰੜਿਆ

ਨੈਰੋਬੀ : ਪੱਛਮੀ ਕੀਨੀਆ 'ਚ ਭਿਆਨਕ ਸੜਕ ਹਾਦਸਾ ਵਾਪਰਿਆ, ਜਦੋਂ ਇੱਕ ਟਰੱਕ ਨੇ ਆਪਣਾ ਕੰਟਰੋਲ ਗੁਆ ਦਿੱਤਾ। ਟਰੱਕ ਹੋਰ ਵਾਹਨਾਂ ਅਤੇ ਪੈਦਲ ਚੱਲਣ ਵਾਲਿਆਂ ਨਾਲ ਟਕਰਾ ਗਿਆ, ਜਿਸ ਨਾਲ 48 ਲੋਕ ਮਾਰੇ ਗਏ। ਇਹ ਹਾਦਸਾ ਸ਼ੁੱਕਰਵਾਰ ਸ਼ਾਮ ਲੰਡਿਆਨੀ ਜੰਕਸਨ 'ਤੇ ਵਾਪਰਿਆ। ਸੜਕ 'ਤੇ ਕਈ ਮਿੰਨੀ ਬੱਸਾਂ ਅਤੇ ਟਰੱਕਾਂ ਦਾ ਨੁਕਸਾਨ ਹੋਇਆ। ਸਥਾਨਕ ਪੁਲਸ ਕਮਾਂਡਰ ਜੈਫਰੀ ਮੇਏਕ ਨੇ ਦੱਸਿਆ—ਹੁਣ ਤੱਕ ਅਸੀਂ 48 ਲੋਕਾਂ ਦੀ ਮੌਤ ਦੀ ਪੁਸ਼ਟੀ ਕਰ ਸਕਦੇ ਹਾਂ। ਉਨ੍ਹਾ ਕਿਹਾ ਕਿ ਹੋਰ 30 ਲੋਕ ਗੰਭੀਰ ਰੂਪ ਨਾਲ ਜ਼ਖਮੀ ਹਨ ਅਤੇ ਉਨ੍ਹਾਂ ਨੂੰ ਵੱਖ-ਵੱਖ ਹਸਪਤਾਲਾਂ 'ਚ ਲਿਜਾਇਆ ਗਿਆ ਹੈ। ਮਰਨ ਵਾਲਿਆਂ ਦੀ ਗਿਣਤੀ ਵਧ ਸਕਦੀ ਹੈ। ਰਿਫਟ ਵੈਲੀ ਦੇ ਖੇਤਰੀ ਪੁਲਸ ਕਮਾਂਡਰ ਟੌਮ ਮੋਬੋਆ ਓਡੋਰੋ ਨੇ ਕਿਹਾ ਕਿ ਟਰੱਕ, ਜੋ ਕੇਰੀਚੋ ਵੱਲ ਜਾ ਰਿਹਾ ਸੀ, ਨੇ ਕੰਟਰੋਲ ਗੁਆ ਦਿੱਤਾ ਤੇ ਅੱਠ ਵਾਹਨਾਂ ਮੋਟਰਸਾਈਕਲਾਂ, ਸੜਕ ਕਿਨਾਰੇ ਵਿਕਰੇਤਾਵਾਂ ਅਤੇ ਕਾਰੋਬਾਰਾਂ 'ਚ ਲੱਗੇ ਲੋਕਾਂ ਨੂੰ ਟੱਕਰ ਮਾਰ ਦਿੱਤੀ। ਰਾਸ਼ਟਰਪਤੀ ਵਿਲੀਅਮ ਰੂਟੋ ਸਮੇਤ ਕੀਨੀਆ ਦੇ ਨੇਤਾਵਾਂ ਨੇ ਹਾਦਸੇ ਤੋਂ ਬਾਅਦ ਸੋਗ ਪ੍ਰਗਟ ਕੀਤਾ ਹੈ।

ਕੇਜਰੀਵਾਲ ਰਾਜਨੀਤੀ ਕਰਨ ਨਹੀਂ, ਸਗੋਂ ਰਾਜਨੀਤੀ ਬਦਲਣ ਆਏ : ਭਗਵੰਤ ਮਾਨ

ਮੋਦੀ ਜੀ ਦੋਸਤਾਂ ਨੂੰ ਖੁੱਲ੍ਹੇਆਮ ਪੈਸਾ ਲੁਟਾ ਰਹੇ : ਕੇਜਰੀਵਾਲ

ਭੂਪਾਲ : ਮੱਧ ਪ੍ਰਦੇਸ਼ 'ਚ ਜਨ ਸਭਾ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਾਂਗਰਸ ਪਾਰਟੀ 'ਤੇ ਨਿਸ਼ਾਨਾ ਸਾਧਿਆ। ਉਨ੍ਹਾ ਕਿਹਾ ਕਿ ਕਾਂਗਰਸ ਤੁਹਾਡੀ ਵੋਟ ਵੇਚਦੀ ਹੈ। ਇਸ ਦੇ ਵਿਧਾਇਕ ਸਸਤੇ ਭਾਅ 'ਤੇ ਭਾਜਪਾ ਦੇ ਹੱਥਾਂ 'ਚ ਵਿਕਣ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਚੋਣਾਂ ਤੋਂ ਬਾਅਦ ਕਾਂਗਰਸ ਦਫਤਰ 'ਚ ਵਿਧਾਇਕ ਸੇਲ ਦਾ ਬੋਰਡ ਲਗਾ ਦਿੱਤਾ ਜਾਂਦਾ ਹੈ। ਪਿਛਲੀਆਂ ਚੋਣਾਂ ਤੋਂ ਬਾਅਦ ਮੱਧ ਪ੍ਰਦੇਸ਼ 'ਚ ਵੀ ਅਜਿਹਾ ਹੀ ਹੋਇਆ ਸੀ। ਉਨ੍ਹਾ ਕਿਹਾ ਕਿ ਕਾਂਗਰਸ ਆਮ ਆਦਮੀ ਪਾਰਟੀ ਦੀ ਨਕਲ ਕਰਦੀ ਹੈ। ਉਹ ਆਮ ਆਦਮੀ ਪਾਰਟੀ ਦੇ ਚੋਣ ਮਨੋਰਥ ਪੱਤਰ ਦੀ ਨਕਲ ਕਰਦੀ ਹੈ ਅਤੇ ਉਸ ਤੋਂ ਆਪਣਾ ਚੋਣ ਮਨੋਰਥ ਪੱਤਰ ਤਿਆਰ ਕਰਦੀ ਹੈ। ਅਰਵਿੰਦ ਕੇਜਰੀਵਾਲ ਦੀਆਂ ਆਪਣੀਆਂ ਯੋਜਨਾਵਾਂ ਹਨ, ਕਿਉਂਕਿ ਕੇਜਰੀਵਾਲ ਰਾਜਨੀਤੀ ਕਰਨ ਨਹੀਂ, ਸਗੋਂ ਰਾਜਨੀਤੀ ਬਦਲਣ ਆਏ ਹਨ।

ਕੇਜਰੀਵਾਲ ਨੇ ਦਿੱਲੀ 'ਚ ਸਿੱਖਿਆ ਅਤੇ ਸਿਹਤ 'ਚ ਕ੍ਰਾਂਤੀ ਲਿਆ ਦਿੱਤੀ। ਦਿੱਲੀ ਵਿੱਚ ਥਾਂ-ਥਾਂ ਮੁਹੱਲਾ ਕਲੀਨਿਕ ਖੋਲ੍ਹੇ ਗਏ ਅਤੇ ਸਰਕਾਰੀ ਸਕੂਲਾਂ ਨੂੰ ਵਿਸ਼ਵ ਪੱਧਰੀ ਬਣਾਇਆ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਿੱਲੀ ਦੀ ਸਿੱਖਿਆ ਅਤੇ ਸਿਹਤ ਕ੍ਰਾਂਤੀ ਤੋਂ ਏਨੇ ਘਬਰਾ ਗਏ ਕਿ ਉਨ੍ਹਾ ਦਿੱਲੀ ਦੇ ਸਿਹਤ ਮੰਤਰੀ ਸਤੇਂਦਰ ਜੈਨ ਅਤੇ ਸਿੱਖਿਆ ● ਬਾਕੀ ਸਫ਼ਾ 2 'ਤੇ

ਪੰਜਾਬ ਸਰਕਾਰ ਛੇਤੀ ਹੀ ਇੱਕ ਪ੍ਰਾਈਵੇਟ ਥਰਮਲ ਪਲਾਂਟ ਖਰੀਦੇਗੀ

ਚੰਡੀਗੜ੍ਹ (ਗੁਰਜੀਤ ਬਿੱਲਾ)-ਪੈਸੇ ਹਾਸਲ ਕਰਨ ਲਈ ਪਿਛਲੀਆਂ ਸਰਕਾਰਾਂ ਦੇ ਸਰਕਾਰੀ ਜਾਇਦਾਦਾਂ ਵੇਚਣ ਦੇ ਰੁਝਾਨ ਦੇ ਉਲਟ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਕੋਲਾ ਆਧਾਰਤ ਬਿਜਲੀ ਉਤਪਾਦਨ ਨੂੰ ਵਧਾਉਣ ਲਈ ਸੂਬੇ ਵਿੱਚ ਇਕ ਪ੍ਰਾਈਵੇਟ ਥਰਮਲ ਪਲਾਂਟ ਖਰੀਦਣ ਲਈ ਤਿਆਰੀ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਪ੍ਰਾਈਵੇਟ ਪਲਾਂਟ ਖਰੀਦਣ ਲਈ ਬੋਲੀ ਲਗਾ ਦਿੱਤੀ ਹੈ ਅਤੇ ਜਲਦੀ ਹੀ ਇਹ ਪ੍ਰਕਿਰਿਆ ਮੁਕੰਮਲ ਕਰ ਲਈ ਜਾਵੇਗੀ। ਉਨ੍ਹਾ ਕਿਹਾ ਕਿ ਇਸ ਨਾਲ ਸੂਬੇ ਦੇ ਬਿਜਲੀ ਉਤਪਾਦਨ ਨੂੰ ਵਧਾ ਕੇ ਵਾਧੂ ਬਿਜਲੀ ਪੈਦਾ ਕਰਨ 'ਚ ਮਦਦ ਮਿਲੇਗੀ। ਮਾਨ ਨੇ ਕਿਹਾ ਕਿ ਇਸ ਵੇਲੇ ਲਹਿਰਾ ਮੁਹੱਬਤ ਅਤੇ ਰੋਪੜ ਵਿਖੇ ਸਰਕਾਰੀ ਮਾਲਕੀ ਵਾਲੇ ਥਰਮਲ ਪਲਾਂਟ 1760 ਮੈਗਾਵਾਟ ਬਿਜਲੀ ਪੈਦਾ ਕਰ ਰਹੇ ਹਨ, ਜਦਕਿ ਇਸ ਪਾਵਰ ਪਲਾਂਟ ਦੀ ਖਰੀਦ ਨਾਲ ਇਸ ਪੈਦਾਵਾਰ ਵਿੱਚ 540 ਮੈਗਾਵਾਟ ਦਾ ਹੋਰ ਵਾਧਾ ਹੋਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਪਛਵਾੜਾ ਕੋਲਾ ਖਾਣ ਤੋਂ ਕੋਲੇ ਦੀ ਸਪਲਾਈ ਮੁੜ ਸ਼ੁਰੂ ਹੋਣ ਨਾਲ ਸੂਬੇ ਕੋਲ ਵਾਧੂ ਕੋਲਾ ਹੈ, ਜਿਸ ਦੀ ਵਰਤੋਂ ਇਨ੍ਹਾਂ ਥਰਮਲ ਪਲਾਂਟਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਉਣ ਲਈ ਕੀਤੀ ਜਾ ਸਕਦੀ ਹੈ। ਉਨ੍ਹਾ ਕਿਹਾ ਕਿ ਸੂਬੇ ਦੇ ਇਤਿਹਾਸ 'ਚ ਪਹਿਲੀ ਵਾਰ ਪੰਜਾਬ ਸਰਕਾਰ ਨੇ ਪ੍ਰਾਈਵੇਟ ਥਰਮਲ ਪਾਵਰ ਪਲਾਂਟ ਖਰੀਦਣ ਲਈ ਬੋਲੀ ਲਾਈ ਹੈ, ਜਦੋਂ ਕਿ ਪਿਛਲੀਆਂ ਸਰਕਾਰਾਂ ਨੇ ਸਰਕਾਰੀ ਜਾਇਦਾਦਾਂ ਵੇਚੀਆਂ ਸਨ। ਪਹਿਲੀ ਵਾਰ ਸੂਬਾ ਸਰਕਾਰ ਨੇ ਪ੍ਰਾਈਵੇਟ ਪਲਾਂਟ ਖਰੀਦਣ ਲਈ ਉਲਟਾ ਰੁਝਾਨ ਸ਼ੁਰੂ ਕੀਤਾ ਹੈ, ਜੋ ਲਾਮਿਸਾਲ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਕੋਲ ਕੋਲੇ ਦੀ ਲੋੜੀਂਦੀ ਸਪਲਾਈ ਅਤੇ ਭੰਡਾਰ ਹੈ, ਜਿਸ ਰਾਹੀਂ ਇਨ੍ਹਾਂ ਪਲਾਂਟਾਂ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਚਲਾਇਆ ਜਾ ਸਕਦਾ ਹੈ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਝੋਨੇ ਦੇ ਸੀਜ਼ਨ ਦੌਰਾਨ ਵੀ ਸਾਰੇ ਸੈਕਟਰਾਂ ਨੂੰ ਨਿਰਵਿਘਨ ਅਤੇ ਨਿਯਮਤ ਬਿਜਲੀ ਸਪਲਾਈ ਕਰ ਰਹੀ ਹੈ। ਉਹਨਾ ਕਿਹਾ ਕਿ ਸੂਬਾ ਸਰਕਾਰ ਨੇ ਇਸ ਸੰਬੰਧੀ ਪਹਿਲਾਂ ਹੀ ਪੁਖਤਾ ਪ੍ਰਬੰਧ ਕੀਤੇ ਹੋਏ ਹਨ ਅਤੇ ਸੂਬੇ ਵਿੱਚ ਬਿਜਲੀ ਦੀ ਕੋਈ ਕਮੀ ਨਹੀਂ।

ਨੀਰਜ ਚੋਪੜਾ ਨੇ ਲਗਾਤਾਰ ਦੂਜੀ ਵਾਰ ਡਾਇਮੰਡ ਲੀਗ ਖਿਤਾਬ ਜਿੱਤਿਆ

ਲੁਸਾਨੇ : ਓਲੰਪਿਕ ਚੈਂਪੀਅਨ ਨੀਰਜ ਚੋਪੜਾ ਨੇ 87.66 ਮੀਟਰ ਦੀ ਦੂਰੀ 'ਤੇ ਆਪਣਾ ਬਰਛਾ (ਜੈਵਲਿਨ) ਸੁੱਟ ਕੇ ਲਗਾਤਾਰ ਦੂਜੀ ਵਾਰ ਵੱਕਾਰੀ ਡਾਇਮੰਡ ਲੀਗ ਦਾ ਖਿਤਾਬ ਜਿੱਤ ਲਿਆ। ਸੱਟ ਤੋਂ ਬਾਅਦ ਵਾਪਸੀ ਕਰਦੇ ਹੋਏ ਚੋਪੜਾ ਨੇ ਚੁਣੌਤੀਪੂਰਨ ਹਾਲਤਾਂ 'ਚ ਇਹ ਜਿੱਤ ਪ੍ਰਾਪਤ ਕੀਤੀ। 25 ਸਾਲਾ ਚੋਪੜਾ, ਜਿਸ ਨੇ ਪਿਛਲੇ ਮਹੀਨੇ ਮਾਸਪੇਸ਼ੀਆਂ ਦੇ ਖਿਚਾਅ ਕਾਰਨ ਤਿੰਨ ਵੱਡੇ ਮੁਕਾਬਲਿਆਂ ਨੂੰ ਛੱਡ ਦਿੱਤਾ ਸੀ, ਨੇ 5 ਮਈ ਨੂੰ ਦੋਹਾ 'ਚ ਸੀਜ਼ਨ-ਓਪਨਿੰਗ ਡਾਇਮੰਡ ਲੀਗ 88.67 ਮੀਟਰ ਦੇ ਆਪਣੇ ਚੌਥੇ ਕੈਰੀਅਰ ਦੇ ਸਰਵੋਤਮ ਥਰੋਅ ਨਾਲ ਜਿੱਤੀ। ਚੋਪੜਾ, ਜੋ ਆਮ ਤੌਰ 'ਤੇ ਸ਼ੁਰੂਆਤੀ ਦੌਰ 'ਚ ਆਪਣਾ ਸਰਵੋਤਮ ਪ੍ਰਦਰਸ਼ਨ ਕਰਦਾ ਹੈ, ਨੂੰ ਜਿੱਤ ਲਈ ਪੰਜਵੀਂ ਕੋਸ਼ਿਸ਼ ਤੱਕ ਇੰਤਜ਼ਾਰ ਕਰਨਾ ਪਿਆ। ਉਹ ਚੌਥੇ ਦੌਰ ਦੇ ਅੰਤ ਤੱਕ ਦੂਜੇ ਸਥਾਨ 'ਤੇ ਸੀ। ਜਰਮਨੀ ਦਾ ਜੂਲੀਅਨ ਵੇਬਰ 87.03 ਮੀਟਰ ਦੇ ਸਰਵੋਤਮ ਥਰੋਅ ਨਾਲ ਦੂਜੇ ਸਥਾਨ 'ਤੇ ਰਿਹਾ, ਜਦੋਂ ਕਿ ਟੋਕੀਓ ਓਲੰਪਿਕ ਦਾ ਚਾਂਦੀ ਦਾ ਤਗਮਾ ਜੇਤੂ ਚੈੱਕ ਗਣਰਾਜ ਦਾ ਜੈਕਬ ਵਡਲੇਜ 86.13 ਮੀਟਰ ਨਾਲ ਤੀਜੇ ਸਥਾਨ 'ਤੇ ਰਿਹਾ।

ਅਮਰਨਾਥ ਯਾਤਰਾ ਦੇ ਨਾਂਅ 'ਤੇ 300 ਸ਼ਰਧਾਲੂਆਂ ਨਾਲ ਠੱਗੀ

ਜੰਮੂ : ਅਮਰਨਾਥ ਯਾਤਰਾ ਸ਼ੁਰੂ ਹੋ ਗਈ ਹੈ। ਸ਼ਨੀਵਾਰ ਨੂੰ ਅਮਰਨਾਥ ਯਾਤਰੀਆਂ ਦਾ ਪਹਿਲਾ ਜਥਾ ਜੰਮੂ-ਕਸ਼ਮੀਰ ਦੇ ਗਾਂਦਰਬਲ ਸਥਿਤ ਬਾਲਟਾਲ ਤੋਂ ਗੁਫ਼ਾ ਲਈ ਰਵਾਨਾ ਹੋਇਆ। ਇਸ ਦੌਰਾਨ ਯਾਤਰੀਆਂ ਤੋਂ ਆਨਲਾਈਨ ਠੱਗੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਮੁਤਾਬਕ ਜੰਮੂ 'ਚ ਕਰੀਬ 300 ਸ਼ਰਧਾਲੂਆਂ ਨਾਲ ਆਨਲਾਈਨ ਠੱਗੀ ਦੀ ਖਬਰ ਹੈ। ਦੱਸਿਆ ਜਾ ਰਿਹਾ ਹੈ ਕਿ ਠੱਗੀ ਦਾ ਸ਼ਿਕਾਰ ਹੋਏ ਤੀਰਥ ਯਾਤਰੀ ਜੰਮੂ 'ਚ ਫਸ ਗਏ। ਜਿਨ੍ਹਾਂ ਯਾਤਰੀਆਂ ਨਾਲ ਠੱਗੀ ਹੋਈ, ਉਹ ਜ਼ਿਆਦਾਤਰ ਦਿੱਲੀ ਅਤੇ ਉਤਰ ਪ੍ਰਦੇਸ਼ ਦੇ ਹਨ।

ਸ਼ਰਧਾਲੂਆਂ ਦਾ ਕਹਿਣਾ ਹੈ ਕਿ ਕੁਝ ਟੂਰ ਅਪਰੇਟਰਾਂ ਨੇ ਅਮਰਨਾਥ ਯਾਤਰਾ ਦੇ ਆਨਲਾਈਨ ਪੈਕੇਜ ਦੇ ਨਾਂਅ 'ਤੇ ਇਨ੍ਹਾਂ ਯਾਤਰੀਆਂ ਨੂੰ ਫਰਜ਼ੀ ਰਜਿਸਟ੍ਰੇਸ਼ਨ ਦਾ ਝਾਂਸਾ ਦੇ ਕੇ ਠੱਗ ਲਿਆ। ਯਾਤਰੀਆਂ ਨੇ ਦੱਸਿਆ ਕਿ ਹਰ ਯਾਤਰੀ ਤੋਂ ਦਸਤਾਵੇਜ਼ ਦੇ ਨਾਂਅ 'ਤੇ 7000 ਰੁਪਏ ਲਏ ਗਏ, ਪਰ ਜਦ ਅਮਰਨਾਥ ਯਾਤਰਾ 'ਤੇ ਜਾਣ ਲਈ ਯਾਤਰੀ ਜੰਮੂ ਪਹੁੰਚੇ ਤਾਂ ਉਨ੍ਹਾਂ ਦੇ ਦਸਤਾਵੇਜ਼ਾਂ ਦੀ ਜਾਂਚ ਹੋਈ ਤਾਂ ਪਤਾ ਚੱਲਿਆ ਕਿ ਟੂਰ ਅਪਰੇਟਰਾਂ ਨੇ ਜੋ ਦਸਤਾਵੇਜ਼ ਸੌਂਪੇ ਸਨ, ਉਹ ਸਾਰੇ ਨਕਲੀ ਸਨ। ਪੂਰੀ ਘਟਨਾ ਤੋਂ ਬਾਅਦ ਠੱਗੀ ਦਾ ਸ਼ਿਕਾਰ ਹੋਏ ਸ਼ਰਧਾਲੂ ਪ੍ਰੇਸ਼ਾਨ ਹੋ ਗਏ। ਸ਼ਰਧਾਲੂ ਆਰ ਐੱਫ ਆਈ ਡੀ ਕਾਰਡ ਲੈਣ ਲਈ ਰਜਿਸਟ੍ਰੇਸ਼ਨ ਦਫ਼ਤਰ ਪਹੁੰਚੇ। ਇਨ੍ਹਾਂ ਯਾਤਰੀਆਂ ਦਾ ਸ਼ਰਾਇਨ ਬੋਰਡ ਪੋਰਟਲ 'ਤੇ ਕੋਈ ਡਾਟਾ ਨਹੀਂ ਸੀ, ਜਿਸ ਤੋਂ ਬਾਅਦ ਜੰਮੂ ਅਤੇ ਕਠੂਆ ਪ੍ਰਸ਼ਾਸ਼ਨ ਦੀ ਸ਼ਿਕਾਇਤ 'ਤੇ ਪੁਲਸ ਨੇ ਮਾਮਲਾ ਦਰਜ ਕਰ ਲਿਆ।

ਇੱਕ ਯਾਤਰੀ ਦਾ ਕਹਿਣਾ ਹੈ ਕਿ ਪ੍ਰਸ਼ਾਸਨ ਨੇ ਸਾਨੂੰ ਫਿਰ ● ਬਾਕੀ ਸਫ਼ਾ 2 'ਤੇ

ਮਾਨਸੂਨ ਸੈਸ਼ਨ 20 ਤੋਂ 11 ਅਗਸਤ ਤੱਕ

ਨਵੀਂ ਦਿੱਲੀ : ਕੇਂਦਰੀ ਮੰਤਰੀ ਪ੍ਰਲਾਦ ਜੋਸ਼ੀ ਨੇ ਕਿਹਾ ਕਿ ਮਾਨਸੂਨ ਸੈਸ਼ਨ 20 ਜੁਲਾਈ ਤੋਂ 11 ਅਗਸਤ ਤੱਕ ਚੱਲੇਗਾ। ਸੈਸ਼ਨ ਦੇ ਹੰਗਾਮਾ ਭਰਪੂਰ ਰਹਿਣ ਦੀ ਉਮੀਦ ਹੈ, ਕਿਉਂਕਿ ਵਿਰੋਧੀ ਪਾਰਟੀਆਂ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਵਿਰੁੱਧ ਇਕਜੁੱਟ ਮੋਰਚਾ ਬਣਾਉਣ ਲਈ ਤਿਆਰੀ ਕਰ ਰਹੀਆਂ ਹਨ। ਵਿਰੋਧੀ ਦਲ ਲਗਾਤਾਰ ਮਨੀਪੁਰ ਹਿੰਸਾ ਅਤੇ ਸਾਂਝਾ ਸਿਵਲ ਕੋਡ (ਯੂ ਸੀ ਸੀ) ਨੂੰ ਲੈ ਕੇ ਸਰਕਾਰ 'ਤੇ ਹਮਲਾਵਰ ਹਨ। ਕੇਂਦਰੀ ਮੰਤਰੀ ਨੇ ਆਪਣੇ ਟਵਿੱਟਰ 'ਤੇ ਲਿਖਿਆ ਕਿ ਸੰਸਦ ਦਾ ਮਾਨਸੂਨ ਸੈਸ਼ਨ ਅਗਾਮੀ 20 ਜੁਲਾਈ ਤੋਂ ਸ਼ੁਰੂ ਹੋ ਕੇ 11 ਅਗਸਤ ਤੱਕ ਚੱਲੇਗਾ। 23 ਦਿਨ ਤੱਕ ਚੱਲਣ ਵਾਲੇ ਇਸ ਸੈਸ਼ਨ 'ਚ ਕੁੱਲ 17 ਮੀਟਿਗਾਂ ਹੋਣਗੀਆਂ। ਇਸ ਵਾਰ ਦਾ ਮਾਨਸੂਨ ਸੈਸ਼ਨ ਇਤਿਹਾਸਕ ਹੋਣ ਵਾਲਾ ਹੈ, ਇਸ ਦੇ ਕਈ ਕਾਰਨ ਹਨ, ਪਹਿਲਾ ਕਾਰਨ ਤਾਂ ਇਹ ਹੈ ਕਿ ਸੰਸਦ ਦੇ ਨਵੇਂ ਭਵਨ 'ਚ ਸੰਸਦ ਦਾ ਸੈਸ਼ਨ ਪਹਿਲੀ ਵਾਰ ਹੋਵੇਗਾ, ਦੂਜਾ ਇਹ ਕਿ ਸਰਕਾਰ ਸੰਸਦ 'ਚ ਸਾਂਝਾ ਸਿਵਲ ਕੋਡ ਲਾਗੂ ਕਰਾਉਣ ਲਈ ਬਿੱਲ ਲਿਆ ਸਕਦੀ ਹੈ। ਉਥੇ ਹੀ ਤੀਜਾ ਕਾਰਨ ਸਰਕਾਰ ਦਾ ਇਹ ਆਖਰੀ ਮਾਨਸੂਨ ਸੈਸ਼ਨ ਹੋਵੇਗਾ।

ਗੁਜਰਾਤ ਹਾਈ ਕੋਰਟ ਨੇ ਸੀਤਲਵਾੜ ਨੂੰ ਆਤਮ-ਸਮਰਪਣ ਕਰਨ ਲਈ ਕਿਹਾ

ਅਹਿਮਦਾਬਾਦ : ਗੁਜਰਾਤ ਹਾਈ ਕੋਰਟ ਨੇ ਸ਼ਨੀਵਾਰ ਨੂੰ ਸਮਾਜਕ ਕਾਰਕੁਨ ਤੀਸਤਾ ਸੀਤਲਵਾੜ ਦੀ ਜ਼ਮਾਨਤ ਪਟੀਸ਼ਨ ਖਾਰਜ ਕਰ ਦਿੱਤੀ। ਕੋਰਟ ਨੇ ਉਨ੍ਹਾ ਨੂੰ ਤੁਰੰਤ ਆਤਮ-ਸਮਰਪਣ ਕਰਨ ਨੂੰ ਕਿਹਾ ਹੈ। ਤੀਸਤਾ ਸੀਤਲਵਾੜ 'ਤੇ ਸਾਲ 2002 ਦੇ ਗੁਜਰਾਤ ਦੰਗਿਆਂ ਨਾਲ ਜੁੜੇ ਮਾਮਲਿਆਂ 'ਚ ਨਿਰਦੋਸ਼ ਲੋਕਾਂ ਨੂੰ ਫਸਾਉਣ ਲਈ ਝੂਠੇ ਸਬੂਤ ਬਣਾਉਣ ਦਾ ਦੋਸ਼ ਹੈ। ਸੀਤਲਵਾੜ ਨੂੰ ਪਿਛਲੇ ਸਾਲ 25 ਜੂਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾ ਨੂੰ ਸੱਤ ਦਿਨਾਂ ਤੱਕ ਪੁਲਸ ਰਿਮਾਂਡ 'ਤੇ ਰੱਖਿਆ ਗਿਆ ਅਤੇ 2 ਜੁਲਾਈ ਨੂੰ ਨਿਆਂਇਕ ਹਿਰਾਸਤ 'ਚ ਭੇਜਿਆ ਗਿਆ ਸੀ। ਪਟੀਸ਼ਨ 'ਤੇ ਸੁਣਵਾਈ 'ਚ ਦੇਰੀ ਹੋਣ 'ਤੇ ਉਹ ਸੁਪਰੀਮ ਕੋਰਟ ਪਹੁੰਚੀ ਸੀ, ਜਿੱਥੋਂ ਸਤੰਬਰ 2022 'ਚ ਉਨ੍ਹਾ ਨੂੰ ਜ਼ਮਾਨਤ ਮਿਲ ਗਈ ਸੀ।

ਚੰਦਰਸ਼ੇਖਰ 'ਤੇ ਹਮਲਾ ਕਰਨ ਵਾਲੇ 4 ਗ੍ਰਿਫ਼ਤਾਰ

ਅੰਬਾਲਾ : ਭੀਮ ਆਰਮੀ ਮੁਖੀ ਚੰਦਰਸ਼ੇਖਰ '

2-JULY-PAGE-1.qxd 7/1/2023 10:36 PM Page 2

ਪਰਲਜ਼ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਮੁੱਖ ਮੰਤਰੀ ਵੱਲੋਂ ਲਿਆ ਫੈਸਲਾ ਸ਼ਲਾਘਾਯੋਗ : ਮਾਈਸਰਖਾਨਾ

ਤਲਵੰਡੀ ਸਾਬੋ (ਜਗਦੀਪ ਗਿੱਲ)-ਪਰਲਜ਼ ਅਤੇ ਹੋਰ ਚਿੱਟਫੰਡ ਕੰਪਨੀਆਂ ਤੋਂ ਪੀੜਤ ਲੋਕ ਆਪਣਾ ਦਿੱਤਾ ਹੋਇਆ ਪੈਸਾ ਵਾਪਸ ਲੈਣ ਲਈ ਪਿਛਲੇ 7 ਸਾਲ ਤੋਂ ਦਰ ਦਰ ਭਟਕ ਰਹੇ ਹਨ ਪਰ ਪੱਲੇ ਕੁਝ ਨਹੀਂ ਸੀ ਪੈ ਰਿਹਾ। ਇੱਕ ਸਾਲ ਪਹਿਲਾਂ ਭਗਵੰਤ ਮਾਨ ਵੱਲੋਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੀੜਤ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਤੇ ਪੀੜਤ ਲੋਕਾਂ ਦਾ ਇੱਕ ਇੱਕ ਪੈਸਾ ਵਿਆਜ ਸਮੇਤ ਵਾਪਸ ਕਰਵਾਵਾਂਗੇ। ਹੁਣ ਇੱਕ ਸਾਲ ਬਾਅਦ ਹਰਕਤ ਵਿਚ ਆਈ ਮਾਨ ਸਰਕਾਰ ਨੇ ਕੱਲ੍ਹ ਕੰਪਨੀ ਦੀਆਂ ਜਾਇਦਾਦਾਂ ਨੂੰ ਨਿਲਾਮ ਕਰਕੇ ਪੀੜਤ ਲੋਕਾਂ ਦਾ ਇੱਕ ਇੱਕ ਪੈਸਾ ਵਿਆਜ ਸਮੇਤ ਵਾਪਸ ਕਰਨ ਲਈ ਜੋ ਟਵੀਟ ਕੀਤਾ ਹੈ ਉਹ ਸਲਾਹੁਣਯੋਗ ਹੈ। ਉਪਰੋਕਤ ਬਿਆਨ ਪੀੜਤ ਲੋਕਾਂ ਨੂੰ ਇਨਸਾਫ ਦਿਵਾਉਣ ਲਈ ਸੰਘਰਸ਼ ਲੜ ਰਹੀ ਜਥੇਬੰਦੀ " ਇਨਸਾਫ ਦੀ ਲਹਿਰ ਖਾਤੇਦਾਰ ਯੂਨੀਅਨ ਪੰਜਾਬ" ਦੇ ਚੇਅਰਮੈਨ ਗੁਰਭੇਜ ਸਿੰਘ ਸੰਧੂ ਅਤੇ ਸੂਬਾ ਪ੍ਰਧਾਨ ਰਣਜੀਤ ਸਿੰਘ ਮਾਈਸਰਖਾਨਾ ਨੇ ਸਾਂਝੇ ਤੌਰ 'ਤੇ ਇਥੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਤਾ। ਉਨ੍ਹਾਂ ਮੁੱਖ ਮੰਤਰੀ ਨੂੰ ਬੇਨਤੀ ਕਰਦਿਆਂ ਕਿਹਾ ਕਿ ਪੀੜਤ ਲੋਕਾਂ ਨੂੰ ਪੂਰਨ ਆਸ ਬੱਝੀ ਹੈ ਕਿ ਸਾਡਾ ਪੈਸਾ ਪੱਕਾ ਅਤੇ ਜਲਦੀ ਵਾਪਸ ਮਿਲੇਗਾ। ਜਥੇਬੰਦੀ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਮਾਈਸਰਖਾਨਾ ਨੇ ਮੁੱਖ ਮੰਤਰੀ ਮਾਨ ਦਾ ਧੰਨਵਾਦ ਕਰਦਿਆਂ ਇਹ ਵੀ ਕਿਹਾ ਕਿ ਪੰਜਾਬ ਵਿਚ ਪਰਲਜ਼ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਚਿੱਟਫੰਡ ਕੰਪਨੀਆਂ ਹਨ ਜਿਨ੍ਹਾਂ ਨੇ ਗਰੀਬ ਅਤੇ ਭੋਲੇ ਭਾਲੇ ਲੋਕਾਂ ਦੀ ਖੂਨ ਪਸੀਨੇ ਦੀ ਕਰੋੜਾਂ ਰੁਪਏ ਦੀ ਕਮਾਈ ਹੜੱਪੀ ਹੋਈ ਹੈ, ਸਭ 'ਤੇ ਕਾਰਵਾਈ ਕਰਨ ਦੀ ਜ਼ਰੂਰਤ ਹੈ।

ਆਲ ਇੰਡੀਆ ਹਿਊਮਨ ਰਾਈਟਸ ਐਸੋਸੀਏਸ਼ਨ ਨੇ ਪੈਨਸ਼ਨ ਵੰਡੀ

ਜਗਰਾਓਂ (ਅਮਿਤ ਖੰਨਾ)-ਆਲ ਇੰਡੀਆ ਹਿਊਮਨ ਰਾਈਟਸ ਐਸੋਸੀਏਸ਼ਨ ਦਾ 159ਵਾਂ ਪੈਨਸ਼ਨ ਵੰਡ ਸਮਾਰੋਹ ਗੁਰਦੁਆਰਾ ਸ੍ਰੀ ਭਜਨਗੜ੍ਹ ਸਾਹਿਬ ਵਿਖੇ ਹੋਇਆ। ਇਸ ਮਹੀਨੇ ਦੀ 25 ਬਜ਼ੁਰਗਾਂ ਨੂੰ ਪੈਨਸ਼ਨ ਜਸਵੀਰ ਸਿੰਘ ਔਲਖ ਕੈਨੇਡਾ ਤੇ ਮਨੀ ਔਲਖ ਕੈਨੇਡਾ ਵੱਲੋਂ ਮਾਤਾ ਜਗੀਰ ਕੌਰ ਦੀ ਯਾਦ ਵਿਚ ਭੇਜੀ ਗਈ। ਜ਼ਿਕਰਯੋਗ ਹੈ ਕਿ ਪਿਛਲੇ 10 ਸਾਲਾਂ ਤੋਂ ਜਸਵੀਰ ਸਿੰਘ ਇਹ ਪੈਨਸ਼ਨ ਭੇਜ ਰਹੇ ਹਨ, ਜਿਨ੍ਹਾਂ ਦਾ ਸੰਸਥਾ ਦੇ ਸਾਰੇ ਹੀ ਮੈਂਬਰਾਂ ਨੇ ਤਹਿ ਦਿਲੋਂ ਧੰਨਵਾਦ ਕੀਤਾ। ਸਟੇਜ ਸੈਕਟਰੀ ਦਮਨਦੀਪ ਸਿੰਘ ਨੇ ਗਰਮੀ ਨੂੰ ਦੇਖਦੇ ਹੋਏ ਹਰੇਕ ਬਜ਼ੁਰਗ ਨੂੰ ਇੱਕ ਇੱਕ ਪੇਟੀ ਜਲਜ਼ੀਰੇ ਦੀ ਵੰਡੀ। ਸਟੇਜ ਦੀ ਜ਼ਿੰਮੇਵਾਰੀ ਦਮਨਦੀਪ ਸਿੰਘ ਨੇ ਨਿਭਾਈ। ਇਸ ਮੌਕੇ ਪ੍ਰਧਾਨ ਮਨਜਿੰਦਰਪਾਲ ਸਿੰਘ ਹਨੀ, ਸੈਕਟਰੀ ਰਾਕੇਸ਼ ਮੈਨੀ, ਫਾਇਨਾਂਸ ਸੈਕਟਰੀ ਰਾਜਨ ਬਾਂਸਲ, ਪੈਟਰਨ ਵਿਨੋਦ ਬਾਂਸਲ, ਪੈਟਰਨ ਬਲਦੇਵ ਕ੍ਰਿਸ਼ਨ ਗੋਇਲ, ਵਾਇਸ ਪ੍ਰਧਾਨ ਕਰਮ ਸਿੰਘ ਸੰਧੂ, ਪ੍ਰੋਜੈਕਟ ਡਾਇਰੈਕਟਰ ਵਿੱਕੀ ਔਲਖ, ਨਵਦੀਪ ਬਾਵਾ ਆਦਿ ਸਮੂਹ ਮੈਂਬਰ ਹਾਜ਼ਰ ਸਨ।

ਕੇਅਰ ਕੰਪੇਨੀਅਨ ਬਾਰੇ ਕੀਤਾ ਜਾਗਰੂਕ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਸਿਵਲ ਸਰਜਨ ਬਠਿੰਡਾ ਡਾ. ਤੇਜਵੰਤ ਸਿੰਘ ਢਿੱਲੋਂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਤੇ ਸੀਨੀਅਰ ਮੈਡੀਕਲ ਅਫਸਰ ਡਾ.ਗੁਰਮੇਲ ਸਿੰਘ ਦੀ ਅਗਵਾਈ ਹੇਠ ਬਲਾਕ ਬਾਲਿਆਂਵਾਲੀ ਵਿੱਚ ਕੇਅਰ ਕੰਪੇਨੀਅਨ ਪ੍ਰੋਗਰਾਮ (ਸੀ.ਸੀ.ਪੀ) ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਜਗਤਾਰ ਸਿੰਘ ਬਲਾਕ ਐਜੂਕੇਟਰ ਅਤੇ ਮਨਜੀਤ ਸਿੰਘ ਬਲਾਕ ਐਜੂਕੇਟਰ ਨੇ ਦੱਸਿਆ ਕਿ ਬਹੁ-ਪ੍ਰਭਾਵੀ ਸਿਹਤ ਸੁਧਾਰ ਪ੍ਰੋਗਰਾਮ 'ਕੇਅਰ ਕੰਪੇਨੀਅਨ' ਸੀ.ਸੀ.ਪੀ. ਦਾ ਮੁੱਖ ਟੀਚਾ ਗਰਭਵਤੀ ਔਰਤਾਂ, ਨਵ-ਜਨਮੇ ਬੱਚਿਆਂ ਦੀ ਸਾਂਭ ਸੰਭਾਲ ਕਰਨ ਬਾਰੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨੂੰ ਜਾਗਰੂਕ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਜਨਰਲ ਮੈਡੀਕਲ ਅਤੇ ਸਰਜੀਕਲ ਕੇਅਰ ਦੀ ਸ਼ੁਰੂਆਤ ਕੀਤੀ ਗਈ ਹੈ ਜਿਸ ਵਿੱਚ ਬੀ.ਪੀ., ਸ਼ੂਗਰ, ਦਿਲ ਦੀਆਂ ਬਿਮਾਰੀਆਂ 'ਤੇ ਕੇਂਦਰਿਤ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਮਰੀਜ਼ ਆਪਣਾ ਧਿਆਨ ਰੱਖ ਸਕਦਾ ਹੈ। ਉਨ੍ਹਾਂ ਦੱਸਿਆ ਕਿ ਵੱਟਸਐਪ ਨੰਬਰ 08047180443 'ਤੇ ਕਾਲ ਰਾਹੀਂ ਆਮ ਮੈਡੀਕਲ ਅਤੇ ਸਰਜੀਕਲ ਸੰਬੰਧੀ ਸਿਹਤ ਸਿੱਖਿਆ ਅਤੇ 01143078160 ਤੇ ਆਮ ਸਿਹਤ ਸੰਬੰਧੀ 01143078153 'ਤੇ ਮਾਵਾਂ ਦੀ ਸਿਹਤ ਬਾਰੇ ਜਾਣਕਾਰੀ ਸੰਬੰਧੀ ਮਿਸ ਕਾਲ ਕਰਕੇ ਕੋਈ ਵੀ ਵਿਅਕਤੀ ਸਿਹਤ ਸੰਦੇਸ਼ਾਂ ਲਈ ਸਬਸਕ੍ਰਾਇਬ ਕਰ ਸਕਦਾ ਹੈ ਅਤੇ ਇਹ ਸੰਦੇਸ਼ ਉਨ੍ਹਾਂ ਨੂੰ ਤਿੰਨ ਮਹੀਨਿਆਂ ਲਈ ਪ੍ਰਾਪਤ ਹੋਣਗੇ। ਇਸ ਮੌਕੇ ਸਿਹਤ ਸੁਪਰਵਾਈਜ਼ਰ ਪਵਨ ਕੁਮਾਰ, ਸਿਹਤ ਕਰਮਚਾਰੀ ਅਵਤਾਰ ਸਿੰਘ, ਪ੍ਰੈਟੀ ਸ਼ਰਮਾ, ਅਰੋਗਿਆ ਮਿੱਤਰ ਗੁਰਜੋਤ ਸ਼ਰਮਾ, ਫਾਰਮਾਸਿਸਟ ਨਵਪ੍ਰੀਤ ਸਿੰਘ ਤੇ ਸਤਪਾਲ ਆਦਿ ਹਾਜ਼ਰ ਸਨ।

ਨਿਰਮਲ ਸਿੰਘ ਦੇ ਚੇਅਰਮੈਨ ਬਣਨ 'ਤੇ ਮਹਿਰਾ ਸਮਾਜ 'ਚ ਖੁਸ਼ੀ ਦੀ ਲਹਿਰ

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਚੈਰੀਟੇਬਲ ਟਰੱਸਟ ਰਜਿ. ਫਤਿਹਗੜ੍ਹ ਸਾਹਿਬ ਦੀਆਂ ਹੋਈਆਂ ਚੋਣਾਂ ਵਿੱਚ ਨਿਰਮਲ ਸਿੰਘ ਐਸ ਐਸ ਦੇ ਚੇਅਰਮੈਨ ਬਣਨ ਦੀ ਖੁਸ਼ੀ ਵਿੱਚ ਜਿਥੇ ਗੁਰੂ ਸਾਹਿਬਾਨ ਅੱਗੇ ਚੜ੍ਹਦੀ ਕਲਾ ਦੀ ਅਰਦਾਸ ਕੀਤੀ ਗਈ, ਉਥੇ ਮਹਿਰਾ ਸਮਾਜ ਵਿੱਚ ਭਾਰੀ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸ ਗੱਲ ਦਾ ਪ੍ਰਗਟਾਵਾ ਟਰੱਸਟ ਦੇ ਜੈਕ੍ਰਿਸ਼ਨ ਕਸ਼ਿਅਪ ਸਾਬਕਾ ਮੀਤ ਚੇਅਰਮੈਨ, ਮੈਨੇਜਰ ਨਵਜੋਤ ਸਿੰਘ, ਹੈੱਡ ਗ੍ਰੰਥੀ ਭਾਈ ਹਰਦੀਪ ਸਿੰਘ, ਪਰਮਜੀਤ ਸਿੰਘ ਅਤੇ ਮਹਿੰਦਰ ਸਿੰਘ ਖੰਨਾ ਨੇ ਕਰਦਿਆਂ ਕਿਹਾ ਕਿ ਨਿਰਮਲ ਸਿੰਘ ਇੱਕ ਬੇਦਾਗ ਤੇ ਇਮਾਨਦਾਰ ਸ਼ਖ਼ਸੀਅਤ ਹਨ ਜਿਨ੍ਹਾਂ ਨੇ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਗੁਰੂ ਘਰ ਦੀ ਨਿਸ਼ਕਾਮ ਸੇਵਾ ਕੀਤੀ ਹੈ ਅਤੇ ਗੁਰੂ ਘਰ ਦੀ ਬਿਲਡਿੰਗ, ਸੈਂਡ, ਇੰਟਰਲਾਕ ਟਾਇਲਾਂ, ਸੋਲਰ ਸਿਸਟਮ ਅਤੇ ਹੋਰ ਜ਼ਰੂਰੀ ਕੰਮ ਕਰਵਾਏ ਹਨ ਜਿਨ੍ਹਾਂ ਲਈ ਸਮਾਜ ਨੂੰ ਵੱਡਾ ਮਾਣ ਹੈ। ਉਨ੍ਹਾਂ ਕਿਹਾ ਕਿ ਮਹਿਰਾ ਤੇ ਕਸ਼ਿਅਪ ਸਮਾਜ ਨੇ ਚੇਅਰਮੈਨ ਦੀ ਸੇਵਾ ਨਿਰਮਲ ਸਿੰਘ ਨੂੰ ਦੇ ਕੇ ਜਿਥੇ ਆਪਣਾ ਫਰਜ਼ ਨਿਭਾਇਆ ਹੈ ਉਥੇ ਅਸੀਂ ਆਸ ਕਰਦੇ ਹਾਂ ਕਿ ਨਿਰਮਲ ਸਿੰਘ ਸਮਾਜ ਦੀ ਬਿਹਤਰੀ ਤੇ ਬਾਬਾ ਜੀ ਦੀ ਲਾਮਿਸਾਲ ਸ਼ਹਾਦਤ ਦਾ ਪੈਗਾਮ ਘਰ ਘਰ ਪਹੁੰਚਾਉਣਗੇ। ਇਸ ਮੌਕੇ ਜੋਗਿੰਦਰਪਾਲ ਸਿੰਘ, ਬਨਾਰਸੀ ਦਾਸ, ਕੁਲਦੀਪ ਸਿੰਘ, ਗੁਰਮੀਤ ਸਿੰਘ, ਬਲਵੀਰ ਸਿੰਘ, ਸਾਧੂ ਸਿੰਘ, ਮੋਹਨ ਸਿੰਘ, ਬੀਬੀ ਕਰਮਜੀਤ ਕੌਰ, ਕੁਲਵੰਤ ਕੌਰ, ਬੇਬੀ ਕੌਰ, ਜਸਬੀਰ ਕੌਰ, ਨਾਹਰ ਸਿੰਘ, ਬੀਬੀ ਪਾਲ, ਮਲਕੀਤ ਸਿੰਘ ਗਾਜੀ, ਪ੍ਰਿੰਸ, ਜੰਗੀਰ ਸਿੰਘ ਫੌਜੀ, ਨਰੈਣ ਸਿੰਘ ਆਦਿ ਵੀ ਹਾਜ਼ਰ ਸਨ।

ਡਿਪਟੀ ਕਮਿਸ਼ਨਰ ਨੇ ਸ਼ਹਿਰ ਦੇ ਪਾਰਕਾਂ ਦਾ ਲਿਆ ਜਾਇਜ਼ਾ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਡਾ.ਰੂਹੀ ਦੁੱਗ ਡਿਪਟੀ ਕਮਿਸ਼ਨਰ ਨੇ ਸ੍ਰੀ ਮੁਕਤਸਰ ਸਾਹਿਬ ਵਿਖੇ ਸਥਿਤ ਗੁਰੂ ਗੋਬਿੰਦ ਸਿੰਘ ਪਾਰਕ, ਮਾਤਾ ਭਾਗ ਕੌਰ ਯਾਦਗਾਰੀ ਪਾਰਕ, ਚਾਲੀ ਮੁਕਤਿਆਂ ਦੀ ਯਾਦ ਵਿੱਚ ਬਣੀ ਮੁਕਤ-ਏ-ਮਿਨਾਰ ਪਾਰਕ ਦਾ ਜਾਇਜ਼ਾ ਲਿਆ। ਡਿਪਟੀ ਕਮਿਸ਼ਨਰ ਨੇ ਆਪਣੇ ਇਸ ਪ੍ਰੋਗਰਾਮ ਦੌਰਾਨ ਗੁਰੂ ਗੋਬਿੰਦ ਸਿੰਘ ਪਾਰਕ 'ਚ ਸੈਰ ਕਰਨ ਆਏ ਵਿਅਕਤੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਪਾਰਕ ਦੀ ਸੁੰਦਰਤਾ ਨੂੰ ਵਧਾਉਣ ਲਈ ਕੋਈ ਕਮੀ ਨਹੀਂ ਛੱਡੀ ਜਾਵੇਗੀ ਅਤੇ ਇਸ ਪਾਰਕ ਵਿੱਚ ਪੀਣ ਵਾਲੇ ਸਾਫ ਸੁਥਰੇ ਪਾਣੀ, ਪਖਾਨਿਆਂ, ਸੈਰ ਕਰਨ ਲਈ ਟਰੈਕ ਨੂੰ ਉਚਾ ਚੁੱਕਣ ਅਤੇ ਬੱਚਿਆਂ ਲਈ ਝੂਲਿਆਂ ਦਾ ਨਵੀਨੀਕਰਨ ਕੀਤਾ ਜਾਵੇਗਾ। ਉਨ੍ਹਾ ਪਾਰਕ ਵਿੱਚ ਬਣੀ ਲਾਇਬ੍ਰੇਰੀ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਇਸ ਲਾਇਬ੍ਰੇਰੀ ਵਿੱਚ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਨਾਲ ਸੰਬੰਧਤ ਪ੍ਰੀਖਿਆਰਥੀਆਂ ਲਈ ਪੁਸਤਕਾਂ ਅਤੇ ਮੈਗਜ਼ੀਨ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਉਨ੍ਹਾਂ ਲਈ ਸਹੀ ਮਾਰਗ ਦਰਸ਼ਨ ਹੋ ਸਕੇ। ਮਾਤਾ ਭਾਗ ਕੌਰ ਯਾਦਗਾਰੀ ਪਾਰਕ ਦਾ ਜਾਇਜ਼ਾ ਲੈਂਦਿਆਂ ਉਨ੍ਹਾ ਕਾਰਜ ਸਾਧਕ ਅਫਸਰ ਨੂੰ ਕਿਹਾ ਕਿ ਇਸ ਪਾਰਕ ਵਿੱਚ ਬੱਚਿਆਂ ਲਈ ਝੂਲਿਆਂ ਅਤੇ ਬੈਠਣ ਲਈ ਪ੍ਰਬੰਧ ਕੀਤਾ ਜਾਵੇ। ਡਿਪਟੀ ਕਮਿਸ਼ਨਰ ਨੇ ਚਾਲੀ ਮੁਕਤਿਆਂ ਦੀ ਯਾਦ 'ਚ ਬਣੀ ਮੁਕਤ-ਏ-ਮਿਨਾਰ ਦਾ ਜਾਇਜ਼ਾ ਲੈਂਦਿਆਂ ਮਾਰਕਫੈਡ ਅਤੇ ਨਗਰ ਕੌਂਸਲ ਨੂੰ ਆਪਸੀ ਸਹਿਯੋਗ ਨਾਲ ਇਸ ਦੀ ਸੁੰਦਰਤਾ ਵਧਾਉਣ ਲਈ ਕਿਹਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੰਵਰਜੀਤ ਸਿੰਘ ਐਸ.ਡੀ.ਐਮ. ਸ੍ਰੀ ਮੁਕਤਸਰ ਸਾਹਿਬ, ਪ੍ਰੋਫੈਸਰ ਗੋਪਾਲ ਸਿੰਘ ਸਕੱਤਰ ਜ਼ਿਲ੍ਹਾ ਰੈਡ ਕਰਾਸ ਸੰਸਥਾ, ਰਜਨੀਸ਼ ਕੁਮਾਰ ਕਾਰਜ ਸਾਧਕ ਅਫਸਰ ਵੀ ਮੌਜੂਦ ਸਨ।

ਭਗਵਾਨ ਖਾਟੂ ਸ਼ਿਆਮ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਦਾ ਜੱਥਾ ਰਵਾਨਾ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਰਾਜਸਥਾਨ ਵਿਖੇ ਸਥਿਤ ਭਗਵਾਨ ਸ੍ਰੀ ਖਾਟੂ ਸ਼ਿਆਮ ਜੀ ਦੇ ਦਰਸ਼ਨਾਂ ਲਈ ਮਾਛੀਵਾੜਾ ਸਾਹਿਬ ਤੋਂ ਸ਼ਰਧਾਲੂਆਂ ਦਾ ਜੱਥਾ ਰਵਾਨਾ ਹੋਇਆ। ਇਹ ਪਹਿਲੀ ਬੱਸ ਯਾਤਰਾ ਵਿੱਚ 60 ਤੋਂ ਵੱਧ ਸ਼ਰਧਾਲੂ ਸ਼ਾਮ 5 ਵਜੇ ਰਵਾਨਾ ਹੋਏ ਜੋ ਕਿ ਭਲਕੇ ਭਗਵਾਨ ਖਾਟੂ ਸ਼ਿਆਮ ਜੀ ਦੇ ਦਰਸ਼ਨ ਕਰਨਗੇ। ਇਸ ਉਪਰੰਤ ਇਹ ਜੱਥਾ ਸਾਲਾਸਰ ਧਾਮ ਵਿਖੇ ਵੀ ਪਵਿੱਤਰ ਮੰਦਰਾਂ ਦੇ ਦਰਸ਼ਨ ਕਰੇਗਾ। ਇਸ ਯਾਤਰਾ ਵਿੱਚ ਹੋਰਨਾਂ ਤੋਂ ਇਲਾਵਾ ਰੋਕੀ ਬਾਂਸਲ, ਰਾਜੇਸ਼ ਆਨੰਦ, ਸਨੀ ਓਹਰੀ, ਡਿੰਪਲ ਛਪੜਾ, ਚੰਚਲ ਕੁਮਾਰ, ਬਾਵਾ ਸ਼ਰਮਾ, ਅਜੈ ਬਾਂਸਲ, ਹਰੀਸ਼ ਨਾਗਪਾਲ, ਬੋਬੀ ਖੰਨਾ ਮੌਜੂਦ ਸਨ।

5 ਕੁਇੰਟਲ ਚੂਰਾ ਪੋਸਤ ਤੇ 4 ਗੱਡੀਆਂ ਸਮੇਤ ਪੰਜ ਸਮਗਲਰ ਕਾਬੂ

ਮੋਗਾ (ਅਮਰਜੀਤ ਬੱਬਰੀ)-ਮੋਗਾ ਪੁਲਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦੋਂ 5 ਕੁਇੰਟਲ ਡੋਡੇ ਪੋਸਤ, ਪੰਜ ਸਮਗਲਰ ਤੇ 4 ਸਮਗਲ ਕਰਨ ਲਈ ਵਰਤੀਆਂ ਜਾਂਦੀਆਂ ਗੱਡੀਆਂ ਨੂੰ ਕਾਬੂ ਕਰ ਲਿਆ। ਇਸ ਸੰਬਧੀ ਜਾਣਕਾਰੀ ਦਿੰਦਿਆਂ ਮੋਗਾ ਦੇ ਐੱਸ ਐੱਸ ਪੀ ਜੇ. ਇਲਨਚੇਲੀਅਨ ਨੇ ਪ੍ਰੈੱਸ ਕਾਨਫੰਰਸ ਮੌਕੇ ਦੱਸਿਆ ਕਿ ਅਜੇ ਰਾਜ ਸਿੰਘ ਐੱਸ ਪੀ (ਇੰਨਵੈਸਟੀਗੇਸ਼ਨ) ਮੋਗਾ, ਮਨਜੀਤ ਸਿੰਘ ਡੀ ਐੱਸ ਪੀ ਨਿਹਾਲ ਸਿੰਘ ਵਾਲਾਂ ਦੀ ਹਦਾਇਤ ਅਨੁਸਾਰ ਐੱਸ ਆਈ ਜਸਬੀਰ ਸਿੰਘ ਮੁੱਖ ਅਫਸਰ ਥਾਣਾ ਅਜੀਤਵਾਲ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਜਦ ਬੱਸ ਅੱਡਾ ਪਿੰਡ ਕੋਕਰੀ ਕਲਾਂ ਮੌਜੂਦ ਸੀ ਤਾਂ ਮੁਖਬਰ ਨੇ ਇਤਲਾਹ ਦਿੱਤੀ ਕਿ ਸਰਬਜੀਤ ਸਿੰਘ ਉਰਫ ਸਰਝਾ ਪੁੱਤਰ ਗੁਰਦੇਵ ਸਿੰਘ, ਸੰਦੀਪ ਸਿੰਘ ਉਰਫ ਸੋਨੂੰ ਪੁੱਤਰ ਅਮਰਜੀਤ ਸਿੰਘ, ਬਲਵੀਰ ਸਿੰਘ ਉਰਫ ਸੋਨੂੰ ਪੁੱਤਰ ਬਿੱਕਰ ਸਿੰਘ, ਅਮਰੋ ਬਾਈ ਪਤਨੀ ਸਰਬਜੀਤ ਸਿੰਘ, ਜੀਤ ਕੌਰ ਉਰਫ ਜੀਤੋ ਪਤਨੀ ਸਰਬਜੀਤ ਸਿੰਘ ਵਾਸੀਆਨ ਮਲਸੀਆ ਬਾਜਣ ਜ਼ਿਲ੍ਹਾ ਲੁਧਿਆਣਾ ਦਿਹਾਤੀ, ਹਾਲ ਵਾਸੀ ਕੋਕਰੀ ਕਲਾਂ, ਜੋ ਬਾਹਰਲੀਆਂ ਸਟੇਟਾਂ ਵਿੱਚੋਂ ਵੱਖ ਵੱਖ ਭੁੱਕੀ ਚੂਰਾ ਪੋਸਤ ਲਿਆ ਕੇ ਵੇਚਣ ਦੇ ਆਦੀ ਹਨ ਤੇ ਅੱਜ ਵੀ ਜਲਾਲਾਬਾਦ ਤੋਂ ਕੋਕਰੀ ਕਲਾ ਵਾਲੀ ਸਾਈਡ ਨੂੰ ਇੱਕ ਬਲੈਰੋ ਕੈਂਪਰ ਗੱਡੀ ਨੰਬਰੀ ਪੀਬੀ13-4564 ਪਰ ਭੁੱਕੀ ਚੂਰਾ ਪੋਸਤ ਵੇਚਣ ਲਈ ਜਾ ਰਹੇ ਹਨ, ਜੇਕਰ ਢੁੱਕਵੀਂ ਜਗ੍ਹਾ ਤੇ ਨਾਕਾਬੰਦੀ ਕੀਤੀ ਜਾਵੇ ਤਾਂ ਭਾਰੀ ਮਾਤਰਾ ਵਿੱਚ ਭੁੱਕੀ ਚੂਰਾ ਪੋਸਤ ਸਮੇਤ ਕਾਬੂ ਕੀਤੇ ਜਾ ਸਕਦੇ ਹਨ। ਸੂਚਨਾ ਭਰੋਸੇਯੋਗ ਹੋਣ ਕਾਰਨ ਮਨਜੀਤ ਸਿੰਘ ਡੀ.ਐੱਸ.ਪੀ, ਨਿਹਾਲ ਸਿੰਘ ਵਾਲਾ ਦੀ ਅਗਵਾਈ ਵਿੱਚ ਜਲਾਲਾਬਾਦ ਰੋਡ, ਪਿੰਡ ਕੋਕਰੀ ਕਲਾਂ ਵਿਖੇ ਨਾਕਾਬੰਦ ਦੌਰਾਨ ਬਲੈਰੋ ਪਿਕਅੱਪ ਗੱਡੀ ਨੰਬਰੀ ਪੀ ਬੀ 13-4564 ਰੰਗ ਚਿੱਟਾ ਨੂੰ ਚੈਕਿੰਗ ਲਈ ਰੋਕਿਆ ਗਿਆ। ਗੱਡੀ ਨੂੰ ਸਰਬਜੀਤ ਸਿੰਘ ਉਰਫ ਸਰਬਾ ਚਲਾ ਰਿਹਾ ਸੀ ਤੇ ਸੰਦੀਪ ਸਿੰਘ ਉਰਫ ਸੋਨੂੰ, ਬਲਵੀਰ ਸਿੰਘ ਉਰਫ ਮੈਨੂੰ ਵਿੱਚ ਬੈਠੇ ਹੋਏ ਸਨ, ਨੂੰ ਕਾਬੂ ਕਰਕੇ ਬਲੈਕ ਪਿੱਕਅੱਪ ਦੀ ਤਲਾਸ਼ੀ ਲਈ ਗਈ ਤਾਂ ਗੱਡੀ ਵਿੱਚੋਂ ਡੋਡੇ ਪੋਸਤ ਦੀਆਂ 5 ਬੋਰੀਆਂ (20 ਕਿੱਲੋ ਪ੍ਰਤੀ ਬੋਰੀ) ਵਜਨੀ 01 ਕੁਇੰਟਲ ਬ੍ਰਾਮਦ ਕੀਤੀਆ ਗਈਆਂ। ਇਸ ਬ੍ਰਾਮਦਗੀ ਤੋਂ ਬਾਅਦ ਮਨਜੀਤ ਸਿੰਘ ਡੀ.ਐੱਸ.ਪੀ ਨਿਹਾਲ ਸਿੰਘ ਦੀ ਅਗਵਾਈ 'ਚ ਉਕਤ ਦੋਸ਼ੀਆਂ ਦੇ ਘਰ ਰੇਡ ਕੀਤੀ ਗਈ। ਰੇਡ ਦੌਰਾਨ ਅਮਰੋ ਬਾਈ ਪਤਨੀ ਸਰਬਜੀਤ ਸਿੰਘ, ਜੀਤ ਕੌਰ ਉਰਫ ਜੀਤੋ ਪਤਨੀ ਸਰਬਜੀਤ ਸਿੰਘ ਨੂੰ ਗ੍ਰਿਫਤਾਰ ਕਰਕੇ ਘਰ ਵਿੱਚ ਖੜੀਆਂ ਗੱਡੀਆਂ ਕਾਰ ਇਨੋਵਾ ਵਿ

2-July-PAGE-11-Majha-23.qxd 7/1/2023 10:42 PM Page 1

ਕੈਬਨਿਟ ਮੰਤਰੀ ਜਿੰਪਾ ਨੇ ਖਹਿਰਾ ਕਲਾਂ ਵਿਖੇ ਟਰੀਟਮੈਂਟ ਪਲਾਂਟ ਦਾ ਲਿਆ ਜਾਇਜ਼ਾ

ਬਟਾਲਾ (ਤਰਲੋਕ ਬੱਗਾ)—ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਪਿੰਡ ਖਹਿਰਾ ਕਲਾਂ (ਫਤਿਹਗੜ੍ਹ ਚੂੜੀਆਂ) ਵਿਖੇ ਟਰੀਟਮੈਂਟ ਪਲਾਂਟ ਦੇ ਵਿਕਾਸ ਕੰਮਾਂ ਦਾ ਜਾਇਜ਼ਾ ਲਿਆ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਮੈਡਮ ਅਸ਼ਵਨੀ ਗੋਤਿਆਲ ਐਸਐਸਪੀ ਬਟਾਲਾ, ਚੇਅਰਮੈਨ ਪਨਸਪ ਪੰਜਾਬ ਬਲਬੀਰ ਸਿੰਘ ਪਨੂੰ, ਚੇਅਰਮੈਨ ਐਡਵੋਕੈਟ ਜਗਰੂਪ ਸਿੰਘ ਸੇਖਵਾਂ, ਐਸਡੀਐਮ ਬਟਾਲਾ ਡਾ. ਸ਼ਾਇਰੀ ਭੰਡਾਰੀ, ਗੁਰਦੀਪ ਸਿੰਘ ਰੰਧਾਵਾ ਉੱਘੇ ਜਨਤਕ ਆਗੂ ਡੇਰਾ ਬਾਬਾ ਨਾਨਕ, ਜਗਤਾਰ ਸਿੰਘ ਤਹਿਸਲੀਦਾਰ ਗੁਰਦਾਸਪੁਰ, ਲਖਵਿੰਦਰ ਸਿੰਘ ਨਾਇਬ ਤਹਿਸੀਲਦਾਰ ਬਟਾਲਾ, ਚੀਫ ਇੰਜ: ਜਸਵਿੰਦਰ ਸਿੰਘ ਚਾਹਲ, ਐਸ. ਈ. ਨਰਿੰਦਰਪਾਲ ਸਿੰਘ, ਐਕਸੀਅਨ ਸੁਖਦੀਪ ਸਿੰਘ ਧਾਲੀਵਾਲ, ਐਕਸੀਅਨ ਵਿਜੇ ਕੁਮਾਰ ਤੇ ਦਵਿੰਦਰਾ ਕੰਸਟਰਕਸ਼ਨ ਕੰਪਨੀ ਤੋਂ ਸੁਮਿਤ ਛਾਬੜਾ ਆਦਿ ਮੌਜੂਦ ਸਨ। ਇਸ ਮੌਕੇ ਉਨ੍ਹਾਂ ਟਰੀਟਮੈਂਟ ਪਲਾਂਟ ਦਾ ਦੌਰਾ ਕੀਤਾ ਤੇ ਅਧਿਕਾਰੀਆਂ ਨੂੰ ਨਿਰਧਾਰਿਤ ਸਮੇਂ ਅੰਦਰ ਕੰਮ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਲੋਕਾਂ ਨੂੰ ਜਲਦ ਸਵੱਛ ਪੀਣਯੋਗ ਸਾਫ-ਸੁਥਰਾ ਪਾਣੀ ਮੁਹੱਈਆ ਕੀਤਾ ਜਾ ਸਕੇ।

ਉਨਾਂ ਅੱਗੇ ਦੱਸਿਆ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਲੋਂ ਸੂਬੇ ਭਰ ਅੰਦਰ ਕਰੀਬ 2000 ਕਰੋੜ ਰੁਪਏ ਦੇ ਟਰੀਟਮੈਂਟ ਪਲਾਂਟ ਦੇ ਵਿਕਾਸ ਕੰਮ ਚੱਲ ਰਹੇ ਸਨ ਅਤੇ 4500 ਕਰੋੜ ਰੁਪਏ ਦੇ ਨਵੇਂ ਪ੍ਰੋਜੈਕਟ ਸ਼ੁਰੂ ਕਰਨ ਲਈ ਵਰਲਡ ਬੈਂਕ ਤੇ ਨਾਬਾਰਡ ਨੂੰ ਭੇਜੇ ਗਏ ਹਨ, ਜੋ ਜਲਦ ਸ਼ੁਰੂ ਹੋਣਗੇ। ਇਸ ਮੌਕੇ ਚੇਅਰਮੈਨ ਪਨਸਪ ਪੰਜਾਬ ਬਲਬੀਰ ਸਿੰਘ ਪਨੂੰ, ਚੇਅਰਮੈਨ ਐਡਵੋਕੈਟ ਜਗਰੂਪ ਸਿੰਘ ਸੇਖਵਾਂ ਤੇ ਗੁਰਦੀਪ ਸਿੰਘ ਰੰਧਾਵਾ ਨੇ ਕੈਬਨਿਟ ਮੰਤਰੀ ਦਾ ਇਥੇ ਪੁਹੰਚਣ 'ਤੇ ਭਰਵਾਂ ਸਵਾਗਤ ਕੀਤ। ਇਸ ਮੌਕੇ ਜਸਵਿੰਦਰ ਸਿੰਘ, ਚੀਫ ਇੰਜੀਨਅਰ ਜਲ ਸਪਲਾਈ ਤੇ ਸ਼ੈਨੀਟੇਸ਼ਨ ਵਿਭਾਗ ਨੇ ਦੱਸਿਆ ਕਿ ਟਰੀਟਮੈਂਟ ਪਲਾਂਟ ਖਹਿਰਾ ਕਲਾਂ ਤੋਂ 40 ਪਿੰਡਾਂ ਦੇ ਕਰੀਬ 64 ਹਜ਼ਾਰ ਲੋਕਾਂ ਨੂੰ ਫਾਇਦਾ ਮਿਲੇਗਾ ਤੇ ਸਵੱਛ ਪੀਣ ਲਈ ਸਾਫ-ਸੁਥਰਾ ਪਾਣੀ ਮੁਹੱਈਆ ਕਰਵਾਇਆ ਜਾਵੇਗਾ।

ਇਸ ਮੌਕੇ ਐਸਡੀਓ ਦਰਸ਼ਨ ਕੁਮਾਰ, ਜਗਜੀਤ ਸਿੰਘ ਜੇਈ, ਅਲੋਕ ਸ਼ਰਮਾ ਜੇਈ, ਧਰੂ ਹਾਂਡਾ ਜੇਈ, ਅਰਪਿੰਦਰ ਕੌਰ ਸੀਡੀਐਸ, ਬਿਕਰਮਜੀਤ ਸਿੰਘ, ਸਰਪੰਚ ਹਕੂਮਤ ਰਾਏ, ਅਮਰਜੀਤ ਕੌਰ, ਸਰਪੰਚ ਮਾਸਟਰ ਅਵਤਾਰ ਸਿੰਘ, ਗੁਰਮੇਜ ਸਿੰਘ, ਅੰਮਿਤਪਾਲ ਸਿੰਘ, ਹਰਭਜਨ ਕੌਰ ਅਤੇ ਕੁਲਦੀਪ ਕੌਰ ਆਦਿ ਹਾਜ਼ਰ ਸਨ।

ਨੌਜਵਾਨ 'ਤੇ ਦਿਨ-ਦਿਹਾੜੇ ਗੋਲੀਆਂ ਨਾਲ ਹਮਲਾ

ਭਿੱਖੀਵਿੰਡ/ਖਾਲੜਾ/ਪੱਟੀ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ/ਬਲਦੇਵ ਸਿੰਘ/ਸ਼ਮਸ਼ੇਰ ਸਿੰਘ ਯੋਧਾ)-ਜ਼ਿਲ੍ਹਾ ਤਰਨ ਤਾਰਨ 'ਚ ਪੈਂਦੇ ਪਿੰਡ ਪੱਟੀ 'ਚ ਚਿੱਟੇ ਦਿਨ ਕੁਝ ਅਣਪਛਾਤੇ ਹਥਿਆਰਬੰਦ ਵਿਅਕਤੀਆਂ ਵੱਲੋਂ ਨੌਜਵਾਨ 'ਤੇ ਗੋਲੀਆਂ ਨਾਲ ਹਮਲਾ ਕਰਨ ਦੀ ਖਬਰ ਸਾਹਮਣੇ ਆਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮਲਕੀਤ ਸਿੰਘ ਨਾਮਕ ਨੌਜਵਾਨ ਜੋ ਆਪਣੀ ਕਾਰ ਧਵਾਉਣ ਲਈ ਪੱਟੀ ਆਇਆ ਸੀ, 'ਤੇ ਕੁਝ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਚਲਾ ਦਿੱਤੀਆਂ, ਜਿਸ ਤੋਂ ਬਾਅਦ ਉਪਰੋਕਤ ਨੌਜਵਾਨ ਨੂੰ ਪੱਟੀ ਦੇ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਇਸ ਸੰਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਜ਼ਖਮੀ ਨੌਜਵਾਨ ਮਲਕੀਤ ਸਿੰਘ ਜੱਗੂ ਪੁੱਤਰ ਹਰਜਿੰਦਰ ਸਿੰਘ ਵਾਸੀ ਚੂਸਲੇਵਾੜ ਨੇ ਦੱਸਿਆ ਕਿ ਉਹ ਆਪਣੀ ਕਰੇਟਾ ਕਾਰ ਪੀਬੀ46ਏਐਫ6360 ਨੂੰ ਧਵਾ ਕੇ ਵਕਤ ਕਰੀਬ 1.15 'ਤੇ ਆਪਣੇ ਪਿੰਡ ਚੂਸਲੇਵੜ ਵਾਪਸ ਜਾ ਰਿਹਾ ਸੀ। ਮਲਕੀਤ ਸਿੰਘ ਨੇ ਦੱਸਿਆ ਕਿ ਜਦੋਂ ਉਹ ਪੱਟੀ ਮੋੜ ਤੋਂ ਚੂਸਲੇਵੜ ਵਾਲੀ ਸਾਈਡ ਨੂੰ ਜਾ ਰਿਹਾ ਸੀ ਤਾਂ ਅਚਾਨਕ ਦੋ ਮੋਪੇਡ ਸਕੂਟਰੀਆਂ ਅਤੇ ਇੱਕ ਮੋਟਰਸਾਈਕਲ 'ਤੇ ਸਵਾਰ ਕਰੀਬ 9 ਵਿਅਕਤੀਆਂ ਨੇ ਉਸਦੀ ਗੱਡੀ ਨੂੰ ਘੇਰਾ ਪਾ ਕੇ ਕਦੀ ਗੱਡੀ ਤੋਂ ਅੱਗੇ ਤੇ ਕਦੇ ਪਿੱਛੇ ਨਿਕਲਣਾ ਸ਼ੁਰੂ ਕਰ ਦਿੱਤਾ। ਮਲਕੀਤ ਸਿੰਘ ਦਾ ਕਹਿਣਾ ਸੀ ਕਿ ਜਦੋਂ ਉਸਨੇ ਉਪਰੋਕਤ ਅਣਪਛਾਤਿਆਂ ਨੂੰ ਅਜਿਹਾ ਕਰਨ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਅਣਪਛਾਤੇ ਹਥਿਆਰਬੰਦ ਵਿਅਕਤੀਆਂ ਨੇ ਪਹਿਲਾਂ ਉਸਦੀ ਗੱਡੀ 'ਤੇ ਸਿੱਧੀਆਂ ਗੋਲੀਆਂ ਮਾਰੀਆਂ ਅਤੇ ਫਿਰ ਉਸਦੇ ਸਿਰ ਵਿੱਚ ਕੜੇ ਮਾਰਨ ਮਗਰੋਂ ਅਖੀਰ 'ਤੇ ਇੱਕ ਗੋਲੀ ਉਸਦੇ ਪੱਟ ਵਿੱਚ ਮਾਰੀ ਤੇ ਮੌਕੇ ਤੋਂ ਫਰਾਰ ਹੋ ਗਏ। ਜ਼ਿਕਰਯੋਗ ਹੈ ਕਿ ਜ਼ਖਮੀ ਹੋਏ ਨੌਜਵਾਨ ਦੇ ਪਿਤਾ ਹਰਜਿੰਦਰ ਸਿੰਘ ਕਾਂਗਰਸ ਪਾਰਟੀ ਦੇ ਮੌਜੂਦਾ ਬਲਾਕ ਸੰਮਤੀ ਮੈਂਬਰ ਹਨ। ਇਸ ਮੌਕੇ ਲੜਕੇ ਦੇ ਪਿਤਾ ਹਰਜਿੰਦਰ ਸਿੰਘ, ਮਾਂ ਸੁਖਵਿੰਦਰ ਕੌਰ ਅਤੇ ਭਰਾ ਗੁਰਲਾਲ ਸਿੰਘ ਨੇ ਐਸਐਸਪੀ ਤਰਨ ਤਾਰਨ ਗੁਰਮੀਤ ਸਿੰਘ ਚੌਹਾਨ ਨੂੰ ਅਪੀਲ ਕੀਤੀ ਕਿ ਉਪਰੋਕਤ ਹਮਲਾਵਰਾਂ ਨੂੰ ਕਾਬੂ ਕਰਕੇ ਉਨ੍ਹਾਂ ਨੂੰ ਇਨਸਾਫ ਦਿਵਾਇਆ ਜਾਵੇ। ਇੱਥੇ ਇਹ ਵੀ ਦੱਸਣਾ ਬੇਹੱਦ ਜ਼ਰੂਰੀ ਹੈ ਕਿ ਬੀਤੇ ਦੋ ਦਿਨ ਪਹਿਲਾਂ ਵੀ ਪੱਟੀ ਮੋੜ 'ਤੇ ਪਿੰਡ ਸਭਰਾ ਦੇ ਨੌਜਵਾਨ ਗੁਰਜੰਟ ਸਿੰਘ ਪੁੱਤਰ ਗੁਰਚਰਨ ਸਿੰਘ 'ਤੇ ਕੁਝ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਨਾਲ ਹਮਲਾ ਕੀਤਾ ਸੀ। ਉੱਧਰ ਜਦੋਂ ਇਸ ਮਾਮਲੇ ਸੰਬੰਧੀ ਥਾਣਾ ਸਦਰ ਪੱਟੀ ਦੇ ਐਸਐਚਓ ਹਰਜਿੰਦਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਕੇਸ ਸਬੰਧੀ ਸਵਾਲਾਂ ਦਾ ਜਵਾਬ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ।

ਨਹਿਰ 'ਚ ਨਹਾਉਣ ਗਏ ਪਿਉ ਪੁੱਤ ਦੀ ਡੁੱਬਣ ਨਾਲ ਮੌਤ

ਪੱਟੀ (ਸ਼ਮਸ਼ੇਰ ਸਿੰਘ ਯੋਧਾ, ਬਲਦੇਵ ਸਿੰਘ ਸੰਧੂ)-ਜ਼ਿਲ੍ਹਾ ਤਰਨਤਾਰਨ ਦੇ ਅਧੀਨ ਪੈਂਦੇ ਪਿੰਡ ਜੌੜਾ ਵਿਖੇ ਉਸ ਵੇਲੇ ਬਹੁਤ ਵੱਡਾ ਕਹਿਰ ਵਾਪਰਿਆ ਜਦੋਂ ਦੋ ਵਿਅਕਤੀਆਂ ਦੀ ਨਹਿਰ 'ਚ ਡੁੱਬਣ ਕਾਰਨ ਮੌਤ ਹੋ ਗਈ। ਮੌਕੇ 'ਤੇ ਇਕੱਤਰ ਜਾਣਕਾਰੀ ਅਨੁਸਾਰ ਤਜਿੰਦਰ ਸਿੰਘ ਅਤੇ ਉਸਦਾ ਪੁੱਤਰ ਗੁਰਦਿੱਤ ਸਿੰਘ ਵਾਸੀ ਪਿੰਡ ਜੌੜਾ ਨਾਲ ਲੱਗਦੇ ਕੈਰੋਂ ਵੱਡੀ ਨਹਿਰ ਘਰਾਟਾਂ ਵਿੱਚ ਨਹਾਉਣ ਚਲੇ ਗਏ। ਪਾਣੀ ਦਾ ਵਹਾਅ ਤੇਜ਼ ਹੋਣ ਕਰਕੇ ਦੋਵੇਂ ਪਿਉ ਪੁੱਤ ਡੁੱਬ ਗਏ। ਮ੍ਰਿਤਕਾਂ ਦੇ ਪਰਿਵਾਰਕ ਮੈਂਬਰ ਗੁਰਪ੍ਰੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦੁਪਹਿਰ ਕਰੀਬ 1:30 ਵਜੇ ਉਸਦਾ ਪਿਤਾ ਅਤੇ ਭਰਾ ਪਿੰਡ ਦੇ ਨਾਲ ਲੱਗਦੀ ਨਹਿਰ ਵਿੱਚ ਨਹਾਉਣ ਚਲੇ ਗਏ ਤੇ ਨਹਿਰ 'ਚ ਪਾਣੀ ਜ਼ਿਆਦਾ ਹੋਣ ਕਰਕੇ ਗੋਤਾ ਖਾ ਗਏ ਜਿਸ ਕਰਕੇ ਉਨ੍ਹਾਂ ਦੀ ਮੌਤ ਹੋ ਗਈ। ਮ੍ਰਿਤਕ ਤਜਿੰਦਰ ਸਿੰਘ ਦੇ ਪੁੱਤਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਘਟਨਾ ਦੀ ਸਾਰੀ ਜਾਣਕਾਰੀ ਸਰਹਾਲੀ ਦੀ ਪੁਲਸ ਨੂੰ ਦੇ ਦਿੱਤੀ ਗਈ ਅਤੇ ਉਨ੍ਹਾਂ ਨੂੰ ਮ੍ਰਿਤਕਾਂ ਨੂੰ ਲੱਭਣ ਲਈ ਮਦਦ ਦੀ ਗੁਹਾਰ ਲਗਾਈ ਹੈ। ਪਰਿਵਾਰ ਦਾ ਕਹਿਣਾ ਹੈ ਕਿ ਸਰਹਾਲੀ ਦੀ ਪੁਲਸ ਘਟਨਾ ਸਥਾਨ 'ਤੇ ਪਹੁੰਚੀ ਤਾਂ ਜ਼ਰੂਰ ਸੀ ਪਰ ਕੋਈ ਕਾਰਵਾਈ ਨਹੀਂ ਕੀਤੀ ਨਾ ਹੀ ਲੱਭਣ 'ਚ ਕੋਈ ਸਹਾਇਤਾ ਕੀਤੀ। ਪੀੜ੍ਹਤ ਪਰਿਵਾਰ ਨੇ ਦੱਸਿਆ ਕਿ ਉਹ ਬਹੁਤ ਗਰੀਬ ਹਨ ਤੇ ਉਨਾਂ ਦੀ ਪ੍ਰਸ਼ਾਸਨ ਮਦਦ ਕਰੇ। ਜਦੋਂ ਦੇਰ ਸ਼ਾਮ ਤੱਕ ਕੋਈ ਵੀ ਪ੍ਰਸ਼ਾਸਨਿਕ ਅਧਿਕਾਰੀ ਨਾ ਆਇਆ ਤਾਂ ਪਰਿਵਾਰ ਨੇ ਪੰਦਰਾਂ ਹਜ਼ਾਰ ਰੁਪਏ ਦੇ ਕੇ ਪ੍ਰਾਈਵੇਟ ਗੋਤਾਖੋਰ ਮੰਗਵਾਏ ਤੇ ਕਾਫੀ ਜੱਦੋ ਜਹਿਦ ਬਾਅਦ ਲਾਸ਼ਾਂ ਮਿਲੀਆਂ। ਪੀੜ੍ਹਤ ਪਰਿਵਾਰ ਨੇ ਸਰਕਾਰ ਪਾਸੋਂ ਮੰਗ ਕੀਤੀ ਕਿ ਉਨ੍ਹਾਂ ਦੀ ਆਰਥਿਕ ਮਦਦ ਕੀਤੀ ਜਾਵੇ।

ਗਿਆਨੀ ਜਗਤਾਰ ਸਿੰਘ ਦਾ ਸੇਵਾ ਮੁਕਤੀ 'ਤੇ ਨਿੱਘਾ ਸਨਮਾਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਵਜੋਂ ਸੇਵਾਵਾਂ ਤੋਂ ਸਵੈ-ਇੱਛਾ ਨਾਲ ਸੇਵਾ ਮੁਕਤ ਹੋਏ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਲੁਧਿਆਣਾ ਦੇ ਸਨਮਾਨ ਲਈ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਸਮਾਗਮ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਾਹਿਬਾਨ ਤੇ ਸਾਬਕਾ ਸਿੰਘ ਸਾਹਿਬਾਨ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ। ਸਮਾਗਮ ਸਮੇਂ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਦੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਸੇਵਾ ਮੁਕਤੀ 'ਤੇ ਵਧਾਈ ਦਿੱਤੀ। ਗਿਆਨੀ ਰਘਬੀਰ ਸਿੰਘ ਨੇ ਮੌਜੂਦਾ ਹਾਲਾਤ ਦੀ ਗੱਲ ਕਰਦਿਆਂ ਕਿਹਾ ਕਿ ਅੱਜ ਸੋਸ਼ਲ ਮੀਡੀਆ ਜ਼ਰੀਏ ਸਿੱਖ ਪ੍ਰੰਪਰਾਵਾਂ ਨੂੰ ਢਾਹ ਲਾਈ ਜਾ ਰਹੀ ਹੈ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸੋਸ਼ਲ ਮੀਡੀਆ 'ਤੇ ਪੰਥ ਦਾ ਜੋ ਨੁਕਸਾਨ ਹੋ ਰਿਹਾ ਹੈ ਉਸ ਨੂੰ ਰੋਕ ਕੇ ਪੰਥਕ ਏਕਤਾ ਤੇ ਵਧਣ ਦਾ ਯਤਨ ਕਰਨਾ ਚਾਹੀਦਾ ਹੈ।

ਇਸੇ ਦੌਰਾਨ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਕੌਮ ਦੇ ਕੇਂਦਰੀ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਵਜੋਂ ਸੇਵਾ ਮਿਲਣਾ ਗੁਰੂ ਸਾਹਿਬ ਦੀ ਵੱਡੀ ਬਖਸ਼ਿਸ਼ ਹੈ ਜੋ ਹਰ ਇਕ ਦੇ ਹਿੱਸੇ ਨਹੀਂ ਆਉਂਦੀ। ਉਨ੍ਹਾਂ ਕਿਹਾ ਕਿ ਗਿਆਨੀ ਜਗਤਾਰ ਸਿੰਘ ਨੇ ਗੁਰੂ ਦੀ ਭੈਅ ਭਾਵਨੀ ਵਿਚ ਰਹਿੰਦਿਆਂ ਆਪਣੀ ਸੇਵਾ ਨਿਭਾਈ ਹੈ ਅਤੇ ਉਨ੍ਹਾਂ ਵੱਲੋਂ ਕੀਤੇ ਕਾਰਜਾਂ ਦੀ ਹਰ ਕੋਈ ਪ੍ਰਸੰਸਾ ਕਰਦਾ ਹੈ।

ਕਾਮਰੇਡ ਨਰਿੰਦਰ ਅਲਗੋਂ ਨੂੰ ਮਿਲੀਆਂ ਧਮਕੀਆਂ ਦੀ ਨਿਖੇਧੀ

ਚੋਹਲਾ ਸਾਹਿਬ/ਸਰਹਾਲੀ ਕਲਾਂ (ਨਜ਼ਸ)—ਭਾਰਤੀ ਕਮਿਊਨਿਸਟ ਪਾਰਟੀ ਬਲਾਕ ਨੌਸ਼ਹਿਰਾ ਚੋਹਲਾ ਦੇ ਸਕੱਤਰ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਨੇ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਕਿਹਾ ਕਿ ਪਿਛਲੇ ਦਿਨੀਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਨਰਿੰਦਰ ਅਲਗੋਂ ਨੂੰ ਸ਼ਰਾਰਤੀ ਤੇ ਹਾਕਮ ਪਾਰਟੀ ਨਾਲ ਸਬੰਧਤ ਹੋਣ ਦੇ ਨਸ਼ੇ 'ਚ ਕੁੱਝ ਲੋਕਾਂ ਨੇ ਧਮਕੀਆਂ ਦਿੱਤੀਆਂ ਹਨ ਕਿ ਨਰੇਗਾ ਮਜ਼ਦੂਰਾਂ ਲਈ ਲੜਨਾ ਛੱਡਦੇ। ਅਜਿਹੇ ਸ਼ਰਾਰਤੀ ਲੋਕ ਨਰੇਗਾ ਰੁਜ਼ਗਾਰ ਅਧੀਨ ਜਾਅਲਸਾਜ਼ੀ ਕਰਕੇ ਠੱਗੀ ਮਾਰਨਾ ਚਾਹੁੰਦੇ ਹਨ, ਜੋ ਸਾਡੇ ਵਲੋਂ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।

ਯਾਦ ਰਹੇ ਕਿ ਕਾਮਰੇਡ ਨਰਿੰਦਰ ਅਲਗੋਂ ਨਰੇਗਾ ਸਕੀਮ ਅਧੀਨ ਹੋਈ ਤੇ ਹੋ ਰਹੀ ਹੇਰਾਫੇਰੀ ਨੂੰ ਰੋਕਣ ਲਈ ਹਮੇਸ਼ਾ ਤਤਪਰ ਰਹਿੰਦਾ ਹੈ। ਇਸ ਲਈ ਅਸੀਂ ਨਰਿੰਦਰ ਅਲਗੋਂ ਨਾਲ ਖੜ੍ਹੇ ਹਾਂ ਤੇ ਅਜਿਹੀਆਂ ਗੁੰਡਾ ਕਾਰਵਾਈਆਂ ਦੀ ਨਿਖੇਧੀ ਕਰਦੇ ਹਾਂ।

ਸ਼੍ਰੀ ਅਮਰਨਾਥ ਯਾਤਰਾ 'ਚ ਲੰਗਰ ਭੰਡਾਰੇ ਲਈ ਰਾਸ਼ਨ ਸਮੱਗਰੀ ਦਾ ਟਰੱਕ ਰਵਾਨਾ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਸ਼੍ਰੀ ਨੀਲ ਕੰਠ ਮਹਾਂਦੇਵ ਸੇਵਾ ਸਮਿਤੀ ਭਿੱਖੀਵਿੰਡ ਵੱਲੋਂ ਸ਼੍ਰੀ ਅਮਰਨਾਥ ਯਾਤਰਾ ਦੌਰਾਨ ਲੰਗਰ ਭੰਡਾਰੇ ਲਈ ਰਾਸ਼ਨ ਸਮੱਗਰੀ ਦਾ ਟਰੱਕ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਸਮਿਤੀ ਦੇ ਚੇਅਰਮੈਨ ਸੰਦੀਪ ਕੱਕੜ ਅਤੇ ਪ੍ਰਧਾਨ ਅਮਿਤ ਪੁਰੀ ਨੇ ਕਿਹਾ ਕਿ ਸ਼੍ਰੀ ਨੀਲ ਕੰਠ ਮਹਾਂਦੇਵ ਸੇਵਾ ਸਮਿਤੀ ਵੱਲੋਂ ਹਰ ਸਾਲ ਸ਼੍ਰੀ ਅਮਰਨਾਥ ਯਾਤਰਾ 'ਤੇ ਜਾਣ ਵਾਲੇ ਸ਼ਰਧਾਲੂਆਂ ਲਈ ਲੰਗਰ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਨੇਕ ਉਪਰਾਲੇ ਕਮੇਟੀ ਮੈਂਬਰਾਂ ਅਤੇ ਸੰਗਤ ਦੇ ਸਹਿਯੋਗ ਸਦਕਾ ਹੀ ਨੇਪਰੇ ਚੜ੍ਹਦੇ ਹਨ। ਇਸ ਮੌਕੇ ਭਾਰਤ ਵਿਕਾਸ ਪ੍ਰੀਸ਼ਦ ਭਿੱਖੀਵਿੰਡ ਦੇ ਪ੍ਰਧਾਨ ਸ਼ਾਂਤੀ ਪ੍ਰਸਾਦ ਨੇ ਸ਼੍ਰੀ ਨੀਲ ਕੰਠ ਮਹਾਂਦੇਵ ਸੇਵਾ ਸਮਿਤੀ ਦੇ ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਕਠਿਨ ਰਾਹਾਂ ਵਿੱਚ ਸੰਗਤ ਲਈ ਲੰਗਰ ਦਾ ਪ੍ਰਬੰਧ ਕਰਨਾ ਪੁੰਨ ਵਾਲਾ ਕੰਮ ਹੈ।

ਇਸ ਮੌਕੇ ਸਮਿਤੀ ਦੇ ਮੈਂਬਰ ਅਤੁਲ ਕੱਕੜ ਨੇ ਲੰਗਰ ਭੰਡਾਰੇ ਲਈ ਮਾਇਕ ਸਹਾਇਤਾ ਦੇਣ ਵਾਲੇ ਸ਼ਹਿਰ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਆਸ ਪ੍ਰਗਟਾਈ ਕਿ ਆਉਣ ਵਾਲੇ ਸਮੇਂ ਵਿੱਚ ਵੀ ਸ਼ਹਿਰ ਵਾ

2-JULY-PAGE-9.qxd 7/1/2023 10:38 PM Page 1

ਨਹਿਰੀ ਵਾਰਬੰਦੀ ਦੇ ਵਿਰੋਧ 'ਚ ਕਿਰਤੀ ਕਿਸਾਨ ਯੂਨੀਅਨ ਵੱਲੋਂ ਪ੍ਰਦਰਸ਼ਨ

ਮੁਕਤਸਰ (ਸ਼ਮਿੰਦਰਪਾਲ, ਪੂਜਾ)-ਕਿਰਤੀ ਕਿਸਾਨ ਯੂਨੀਅਨ ਪਿਛਲੇ ਲੰਮੇ ਸਮੇਂ ਤੋਂ ਪਾਣੀਆਂ ਦੀ ਲੜਾਈ ਲੜ ਰਹੀ ਹੈ। ਯੂਨੀਅਨ ਦੀ ਮੰਗ ਹੈ ਕਿ ਪੰਜਾਬ ਦੇ ਹਰ ਖੇਤ ਨੂੰ ਸਿੰਚਾਈ ਲਈ ਨਹਿਰੀ ਪਾਣੀ ਤੇ ਹਰ ਘਰ ਨੂੰ ਪੀਣ ਯੋਗ ਸ਼ੁੱਧ ਪਾਣੀ ਮਿਲਣਾ ਚਾਹੀਦਾ ਹੈ, ਪਰ ਝੋਨੇ ਦਾ ਸੀਜ਼ਨ ਸਿਖਰਾਂ 'ਤੇ ਹੋਣ ਦੇ ਬਾਵਜੂਦ ਨਹਿਰੀ ਵਿਭਾਗ ਨੇ 22 ਜੂਨ ਤੋਂ 22 ਜੁਲਾਈ ਤੱਕ ਨਹਿਰੀ ਪਾਣੀ ਦੀ ਇੱਕ ਮਹੀਨੇ ਲਈ ਵਾਰਬੰਦੀ ਕਰਨ ਦਾ ਨਾਦਰਸ਼ਾਹੀ ਫਰਮਾਨ ਜਾਰੀ ਕਰ ਦਿੱਤਾ ਹੈ। ਸਾਡੇ ਪੱਤਰਕਾਰ ਨੂੰ ਜਸਵਿੰਦਰ ਸਿੰਘ ਝਬੇਲਵਾਲੀ ਸੂਬਾ ਆਗੂ ਤੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਲੰਡੇਰੋਡੇ ਨੇ ਦੱਸਿਆ ਕਿ ਇਸ ਵਾਰਬੰਦੀ ਨੂੰ ਰੱਦ ਕਰਵਾਉਣ ਲਈ ਪਹਿਲਾਂ ਵਫਦ ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ ਨੂੰ ਮਿਲ ਕੇ ਮੰਗ ਪੱਤਰ ਦੇ ਚੁੱਕਾ ਹੈ। ਉਨ੍ਹਾਂ ਨੇ ਵਫਦ ਨੂੰ ਵਾਰਬੰਦੀ ਨਾ ਕਰਨ ਦਾ ਵਿਸ਼ਵਾਸ ਵੀ ਦਿਵਾਇਆ ਸੀ, ਪਰ ਬੀਤੇ ਦਿਨ ਨਹਿਰੀ ਵਿਭਾਗ ਵੱਲੋਂ ਚੌਤਰਾ ਮਾਇਨਰ ਤੇ ਹੋਰ ਰਜਬਾਹੇ ਬੰਦ ਕਰ ਦਿੱਤੇ ਗਏ ਹਨ। ਕਿਰਤੀ ਕਿਸਾਨ ਯੂਨੀਅਨ ਵੱਲੋਂ ਮੀਟਿੰਗ ਕਰਕੇ ਰਜਬਾਹੇ 'ਤੇ ਰੋਸ ਪ੍ਰਦਰਸ਼ਨ ਕੀਤਾ ਤੇ ਨਹਿਰੀ ਵਿਭਾਗ ਦੇ ਐੱਸ ਡੀ ਓ ਦਾ ਘਿਰਾਓ ਕਰਨ ਦੀ ਚੇਤਾਵਨੀ ਦਿੱਤੀ।

ਇਸ ਤੋਂ ਬਾਅਦ ਮਹਿਕਮੇ ਨੇ ਕੱਲ੍ਹ ਹੀ ਦੁਬਾਰਾ ਸਾਰੇ ਰਜਬਾਹਿਆਂ ਵਿੱਚ ਪਾਣੀ ਛੱਡ ਦਿੱਤਾ, ਜੋ ਕਿਰਤੀ ਕਿਸਾਨ ਯੂਨੀਅਨ ਦੀ ਜਿੱਤ ਹੈ। ਇਸ ਸਮੇਂ ਬਲਵਿੰਦਰ ਸਿੰਘ ਥਾਂਦੇਵਾਲਾ, ਮਿੱਠਾ ਸਿੰਘ ਡੋਕ, ਬਲਜੀਤ ਸਿੰਘ ਝਬੇਲਵਾਲੀ, ਭੁਪਿੰਦਰ ਸਿੰਘ ਗੁਲਾਬੇਵਾਲਾ ਤੋਂ ਇਲਾਵਾ ਦਵਿੰਦਰ ਸਿੰਘ ਲੁਬਾਣਿਆਂਵਾਲੀ, ਵੀਰ ਸਿੰਘ ਮਨੀ ਥਾਂਦੇਵਾਲਾ, ਜਗਮੀਤ ਸਿੰਘ ਜੰਡੋਕੇ, ਰੂਪ ਸਿੰਘ ਜੰਡੋਕੇ, ਜਗਦੇਵ ਸਿੰਘ ਥਾਂਦੇਵਾਲਾ, ਕਰਮਜੀਤ ਸਿੰਘ ਕਾਨੀਆਂਵਾਲੀ, ਗੁਰਾਂ ਸਿੰਘ ਲੁਬਾਣਿਆਂਵਾਲੀ, ਪਰਮਜੀਤ ਸਿੰਘ, ਦਿਲਬਾਗ ਸਿੰਘ ਤੇ ਸੋਹਣ ਸਿੰਘ ਆਦਿ ਕਿਸਾਨ ਹਾਜ਼ਰ ਸਨ।

ਪੀਰ ਵਣਾਂਵਾਲਾ ਦੇ ਸਾਲਾਨਾ ਮੇਲੇ ਮੌਕੇ ਖ਼ੂਨਦਾਨ ਕੈਂਪ

ਡਾ. ਮੱਟੂ ਨੇ ਖੁਦ ਖ਼ੂਨ ਦਾਨ ਕਰ ਲੋਕਾਂ ਨੂੰ ਖ਼ੂਨ ਦਾਨ ਕਰਨ ਲਈ ਪ੍ਰੇਰਿਆ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਹਲਕਾ ਸ਼ੁਤਰਾਣਾ ਦੇ ਵੱਡੇ ਪਿੰਡਾਂ ਵਿੱਚ ਸ਼ੁਮਾਰ ਪਿੰਡ ਦੁਤਾਲ ਵਿਖੇ ਰੂਹਾਨੀ ਮੁਹੰਮਦੀ ਮਸਜਿਦ ਦੁਤਾਲ ਤੇ ਏਕਨੂਰ ਯੂਥ ਵਿੰਗ ਕਲੱਬ ਕਰੀਮ ਨਗਰ ਵੱਲੋਂ ਸਾਂਝੇ ਤੌਰ 'ਤੇ ਪੀਰ ਵਣਾਂਵਾਲਾ ਦੇ ਸਾਲਾਨਾ ਮੇਲੇ ਮੌਕੇ ਖ਼ੂਨਦਾਨ ਕੈਂਪ ਲਗਾਇਆ ਗਿਆ। ਕੈਂਪ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਹਲਕਾ ਸ਼ੁਤਰਾਣਾ ਦੇ ਨੌਜਵਾਨ ਲੋਕ ਆਗੂ ਤੇ ਡਾ. ਅੰਬੇਡਕਰ ਕਿਰਤੀ ਮਜ਼ਦੂਰ ਸੰਘ ਪੰਜਾਬ ਦੇ ਸੂਬਾ ਪ੍ਰਧਾਨ ਡਾ. ਜਤਿੰਦਰ ਸਿੰਘ ਮੱਟੂ ਨੇ ਖੁਦ ਖ਼ੂਨ ਦਾਨ ਕਰਕੇ ਲੋਕਾਂ ਨੂੰ ਖ਼ੂਨ ਦਾਨ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਲਾਈਫ ਲਾਈਨ ਬਲੱਡ ਬੈਂਕ ਪਟਿਆਲਾ ਦੀ ਟੀਮ ਵੱਲੋਂ ਖ਼ੂਨਦਾਨੀਆਂ ਪਾਸੋਂ 35 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ।

ਕੈਂਪ ਮੌਕੇ ਖ਼ੂਨ ਦਾਨ ਕਰਦੇ ਇਲਾਕੇ ਦੇ ਲੋਕ ਆਗੂ ਡਾ. ਜਤਿੰਦਰ ਸਿੰਘ ਮੱਟੂ ਤੇ ਹੋਰ।

ਖ਼ੂਨਦਾਨ ਕਰਨ ਮਗਰੋਂ ਮੁੱਖ ਮਹਿਮਾਨ ਡਾ. ਜਤਿੰਦਰ ਸਿੰਘ ਮੱਟੂ ਨੇ ਕੈਂਪ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਨਸਾਨੀ ਖ਼ੂਨ ਸਿਰਫ ਤੇ ਸਿਰਫ ਇਨਸਾਨੀ ਸਰੀਰ ਵਿੱਚ ਹੀ ਬਣਦਾ ਹੈ, ਸੜਕ ਹਾਦਸਿਆਂ ਵਿੱਚ ਜ਼ਖਮੀ ਲੋਕਾਂ ਨੂੰ ਖ਼ੂਨ ਦੀ ਬਹੁਤ ਐਮਰਜੈਂਸੀ ਜ਼ਰੂਰਤ ਰਹਿੰਦੀ ਹੈ। ਲਿਹਾਜ਼ਾ ਹਰ ਇੱਕ ਸਿਹਤਮੰਦ ਵਿਅਕਤੀ ਨੂੰ ਖ਼ੂਨ ਦਾਨ ਕਰਨਾ ਚਾਹੀਦਾ ਹੈ ਤਾਂ ਜੋ ਸਾਡੇ ਕੀਤੇ ਖ਼ੂਨ ਦਾਨ ਨਾਲ ਅਸੀਂ ਇਨਸਾਨੀ ਜ਼ਿੰਦਗੀਆਂ ਨੂੰ ਬਚਾ ਸਕੀਏ। ਰੂਹਾਨੀ ਮੁਹੰਮਦੀ ਮਸਜਿਦ ਦੁਤਾਲ ਕਮੇਟੀ ਦੇ ਪ੍ਰਧਾਨ ਦਿਲਬਰ ਖਾਨ ਤੇ ਏਕਨੂਰ ਯੂਥ ਵਿੰਗ ਕਲੱਬ ਕਰੀਮ ਨਗਰ ਦੇ ਪ੍ਰਧਾਨ ਸੁਖਦੇਵ ਸਿੰਘ ਧਰਮਸੋਤ ਦੀ ਅਗਵਾਈ ਵਿੱਚ ਲਗਾਏ ਖ਼ੂਨਦਾਨ ਕੈਂਪ ਦੌਰਾਨ ਖ਼ੂਨਦਾਨੀਆਂ ਤੇ ਆਏ ਮਹਿਮਾਨਾਂ ਨੂੰ ਸਨਮਾਨਤ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪਿੰਡ ਦੇ ਸਰਪੰਚ ਮਾਲਕ ਸਿੰਘ, ਸੁੰਦਰ ਨਗਰ ਸਰਪੰਚ ਸ੍ਰੀਮਤੀ ਕੁਲਦੀਪ ਕੌਰ, ਭੁਪਿੰਦਰ ਸਿੰਘ, ਪੀਰ ਵਣਵਾਲਾ ਕਮੇਟੀ ਦੇ ਪ੍ਰਧਾਨ, ਸਹਿਜਪਾਲ ਸਿੰਘ ਵਿਰਕ, ਮੀਤ ਪ੍ਰਧਾਨ ਮੇਜਰ ਸਿੰਘ ਵਿਰਕ, ਨੀਰਜ ਸਿੰਗਲਾ, ਮਸਜਿਦ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਵਿਰਕ, ਹਰਪਿੰਦਰ ਸਿੰਘ ਵਿਰਕ, ਘੱਟ ਗਿਣਤੀ ਕਮਿਸ਼ਨ ਸੰਗਰੂਰ ਤੋਂ ਰਿਆਜ਼ ਖਾਨ, ਨਵਾਬ ਸ਼ੇਰ ਮੁਹੰਮਦ ਖਾਨ ਵੈੱਲਫੇਅਰ ਕਮੇਟੀ ਮਾਲੇਰਕੋਟਲਾ ਤੋਂ ਆਰਿਫ ਖਾਨ, ਮੁਫਤੀ ਸਾਹਿਬ ਕਾਸਮੀ, ਬਲਜੀਤ ਸਿੰਘ ਕਾਨਗੜ੍ਹ ਤੋਂ ਇਲਾਵਾ ਵੱਡੀ ਗਿਣਤੀ 'ਚ ਪਿੰਡ ਵਾਸੀ ਹਾਜ਼ਰ ਸਨ।

ਕੰਬਾਇਨ-ਕਾਰ ਦੀ ਟੱਕਰ 'ਚ ਦੋ ਸਕੇ ਭਰਾਵਾਂ ਦੀ ਮੌਤ

■ ਇੱਕ ਹੋਰ ਸੜਕ ਹਾਦਸੇ 'ਚ ਦਰਜਨ ਦੇ ਕਰੀਬ ਜ਼ਖਮੀ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਪਾਤੜਾਂ ਨੇੜੇ ਵਾਪਰੇ ਦੋ ਵੱਖ-ਵੱਖ ਸੜਕ ਹਾਦਸਿਆਂ ਵਿੱਚ 2 ਸਕੇ ਭਰਾਵਾਂ ਦੀ ਮੌਤ ਹੋ ਗਈ, ਜਦੋਂਕਿ ਇੱਕ ਦਰਜਨ ਦੇ ਕਰੀਬ ਮਰਦ ਤੇ ਔਰਤਾਂ ਜ਼ਖਮੀ ਹੋ ਗਏ। ਜਾਣਕਾਰੀ ਅਨੁਸਾਰ ਪਾਤੜਾਂ ਤੋਂ ਪਟਿਆਲਾ ਵੱਲ ਜਾ ਰਹੀ ਇੱਕ ਕੰਬਾਇਨ ਨੰਬਰ ਐੱਚ ਆਰ 22 ਐੱਲ 6681 ਤੇ ਸਾਹਮਣੇ ਤੋਂ ਆ ਰਹੀ ਸਵੀਫਟ ਕਾਰ ਨੰਬਰ ਐੱਚ ਆਰ 26 ਸੀ ਕੇ 6024 ਆਪਸ ਵਿੱਚ ਟਕਰਾ ਗਈਆਂ, ਜਿੱਥੇ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ, ਉੱਥੇ ਹੀ ਕੰਬਾਇਨ ਵੀ ਸੜਕ ਦੇ ਵਿਚਕਾਰ ਪਲਟ ਗਈ ਤੇ ਇਸ ਦਾ ਡਰਾਇਵਰ ਸ਼ਿਵਜੀ ਕੁਮਾਰ ਵਾਸੀ ਸੰਮੂਰਾਂ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ, ਜਦੋਂਕਿ ਕਾਰ ਸਵਾਰ ਅਮਰਜੀਤ ਸਿੰਘ ਪੁੱਤਰ ਲਾਲ ਸਿੰਘ ਵਾਸੀ ਪਾਤੜਾਂ ਦੀ ਮੌਕੇ 'ਤੇ ਮੌਤ ਹੋ ਗਈ ਤੇ ਕਾਰ ਚਾਲਕ ਬਸੰਤ ਸਿੰਘ ਪੁੱਤਰ ਲਾਲ ਸਿੰਘ ਵਾਸੀ ਪਾਤੜਾਂ ਨੇ ਯੂਨੀਵਰਸਲ ਹਸਪਤਾਲ 'ਚ ਜ਼ਖਮਾਂ ਦੀ ਤਾਬ ਨਾ ਝੱਲਦਿਆਂ ਦਮ ਤੋੜ ਦਿੱਤਾ। ਇਹ ਦੋਵੇਂ ਸਕੇ ਭਰਾ ਸਨ, ਜਦੋਂਕਿ ਕਾਰ ਵਿੱਚੋਂ ਜ਼ਖਮੀ ਹਾਲਤ ਵਿੱਚ ਕੱਢੀ ਪ੍ਰਮਜੀਤ ਕੌਰ ਪਤਨੀ ਅਮਰਜੀਤ ਸਿੰਘ ਨੂੰ ਪਾਤੜਾਂ ਦੇ ਸਰਕਾਰੀ ਹਸਪਤਾਲ ਵਿੱਚ ਇਲਾਜ ਲਈ ਲਿਜਾਇਆ ਗਿਆ, ਜਿੱਥੋਂ ਉਸ ਨੂੰ ਪਟਿਆਲਾ ਦੇ ਰਜਿੰਦਰਾ ਹਸਪਤਾਲ ਲਈ ਰੈਫਰ ਕਰ ਦਿੱਤਾ ਗਿਆ।

ਇਸ ਦੌਰਾਨ ਜਾਖਲ ਰੋਡ 'ਤੇ ਇੱਕ ਕਰੂਜ਼ਰ ਗੱਡੀ ਤੇ ਕਾਰ ਦੀ ਟੱਕਰ ਵਿੱਚ ਜ਼ਖਮੀ ਹੋਏ ਪਾਤੜਾਂ ਦੇ ਸਰਕਾਰੀ ਹਸਪਤਾਲ ਵਿੱਚ ਲਿਆਦੀਆਂ ਗਈਆਂ ਤਿੰਨ ਔਰਤਾਂ ਨਾਲ ਆਏ ਹਰਜੀਤ ਸਿੰਘ ਵਾਸੀ ਪਿੰਡ ਤਖਾਣਮਾਜਰਾ ਨੇ ਦੱਸਿਆ ਕਿ ਉਹ ਕਰੂਜ਼ਰ ਗੱਡੀ ਵਿੱਚ 10 ਦੇ ਕਰੀਬ ਮਰਦ ਤੇ ਔਰਤਾਂ ਧਮਧਾਨ ਸਹਿਬ ਵਿਖੇ ਇੱਕ ਮੌਤ ਦੇ ਭੋਗ 'ਤੇ ਜਾ ਰਹੇ ਸੀ, ਜਦੋਂ ਪਿੰਡ ਬੰਗਾਂ ਨੇੜੇ ਪੁੱਜੇ ਤਾਂ ਬਲੈਰੋ ਕਾਰ ਚਾਲਕ ਗੱਡੀ ਨੂੰ ਓਵਰਟੇਕ ਕਰ ਰਹੇ ਵਿਅਕਤੀ ਨੇ ਅਚਾਨਕ ਕਾਰ ਗੱਡੀ ਦੇ ਅੱਗੇ ਕਰ ਦਿੱਤੇ ਜਾਣ ਕਾਰਨ ਹੋਈ ਟੱਕਰ 'ਚ ਸੋਧਾ ਰਾਣੀ, ਪਰਮਜੀਤ ਕੌਰ, ਲੱਛਮੀ ਦੇਵੀ, ਲਾਭ ਸਿੰਘ, ਗੁਰਜੀਤ ਸਿੰਘ, ਗੁਰਮੀਤ ਕੌਰ, ਨਿਰਮਲ ਕੌਰ ਸਮੇਤ 10 ਦੇ ਕਰੀਬ ਮਰਦ ਤੇ ਔਰਤਾਂ ਜ਼ਖਮੀ ਹੋ ਗਏ, ਇਨ੍ਹਾਂ ਵਿੱਚ ਜ਼ਿਆਦਾ ਜ਼ਖਮੀ ਸੋਧਾ ਰਾਣੀ, ਪਰਮਜੀਤ ਕੌਰ, ਲੱਛਮੀ ਦੇਵੀ ਨੂੰ ਪਟਿਆਲਾ ਦੇ ਰਜਿੰਦਰਾ ਹਸਪਤਾਲ ਲਈ ਰੈਫਰ ਕੀਤਾ ਗਿਆ ਹੈ।

ਕਾਤਰਾਂ

ਇੰਗਲਿਸ਼ ਸਟੂਡੀਓ ਨੇ ਲਵਾਇਆ ਮਲਟੀਪਲ ਵੀਜ਼ਾ

ਬਾਘਾ ਪੁਰਾਣਾ (ਮਨੀ ਸਿੰਗਲਾ)-ਇੰਗਲਿਸ਼ ਸਟੂਡੀਓ ਸੰਸਥਾ ਕੋਟਕਪੂਰਾ ਰੋਡ ਉਤੇ ਬਾਘਾ ਪੁਰਾਣਾ ਵਿਖੇ ਪੈਟ੍ਰੋਲ ਪੰਪ ਦੇ ਸਾਹਮਣੇ ਹੈ। ਇਹ ਸੰਸਥਾ ਲਗਾਤਾਰ ਕੈਨੇਡਾ ਦੇ ਸਟੂਡੈਂਟ ਉਪਨ ਵਰਕ ਪਰਮਿੱਟ ਤੇ ਵਿਜ਼ਟਰ ਵੀਜ਼ੇ ਬਹੁਤ ਹੀ ਘੱਟ ਸਮੇਂ 'ਚ ਲਗਵਾ ਰਹੀ ਹੈ। ਇਸ ਵਾਰ ਸੰਸਥਾ ਨੇ ਸ੍ਰ. ਵਰਿਆਮ ਸਿੰਘ ਤੇ ਉਨ੍ਹਾਂ ਦੀ ਧਰਮ ਪਤਨੀ ਭੁਪਿੰਦਰ ਕੌਰ ਦਾ ਕੈਨੇਡਾ ਦਾ ਦਸ ਸਾਲ ਦਾ ਮਲਟੀਪਲ ਟੂਰਿਸਟ ਵੀਜ਼ਾ ਸਿਰਫ ਇੱਕ ਹਫਤੇ ਵਿੱਚ ਲਗਵਾ ਕੇ ਦਿੱਤਾ ਹੈ। ਸੰਸਥਾ ਦੇ ਮੁਖੀ ਪੰਕਜ ਬਾਂਸਲ ਤੇ ਗੌਰਵ ਕਾਲੜਾ ਨੇ ਵਿਦਿਆਰਥੀ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

ਸੁੰਦਰਤਾ ਸਸਤੀ ਤੇ ਚਰਿੱਤਰ ਮਹਿੰਗਾ : ਬੀ ਕੇ ਸ਼ਿਵਾਨੀ

ਜੈਤੋ (ਸਤੀਸ਼ ਕੁਮਾਰ ਭੀਰੀ)-ਅੱਜ ਦੀ ਭੱਜ ਦੌੜ ਵਾਲੀ ਜ਼ਿੰਦਗੀ 'ਚ ਰਿਸ਼ਤੇ ਅਤੇ ਧਰਮ ਨੂੰ ਬਚਾਉਣ ਅਤੇ ਜਾਣਨ ਵਾਰੇ ਮੋਟੀਵੇਸ਼ਨਲ ਸਪੀਕਰ ਬੀ ਕੇ ਸ਼ਿਵਾਨੀ ਨੇ ਮਾਊਂਟ ਆਬੂ ਈਸ਼ਵਰੀਆ ਵਿਸ਼ਵਵਿਦਿਆਲਿਆ ਦੇ ਵਿਹੜੇ 'ਚ ਆਏ ਹੋਏ ਮਹਿਮਾਨਾਂ ਨਾਲ ਵਿਸਥਾਰ ਪੂਰਵਕ ਵਿਆਖਿਆ ਕੀਤੀ । ਇਸ ਮੌਕੇ ਉਨ੍ਹਾ ਕਿਹਾ ਕਿ ਜੇਕਰ ਅਸੀਂ ਚਾਰ ਵੇਦਾਂ ਦਾ ਅਰਥ ਨਹੀਂ ਜਾਣਦੇ ਤਾਂ ਕੋਈ ਗੱਲ ਨਹੀਂ ਪ੍ਰੰਤੂ ਸਮਝਦਾਰੀ, ਜਵਾਬਦੇਹੀ, ਵਫਾਦਾਰੀ ਅਤੇ ਇਮਾਨਦਾਰੀ ਇਨ੍ਹਾਂ ਚਾਰ ਸ਼ਬਦਾਂ ਦਾ ਰਹੱਸ ਜਾਣ ਲਈਏ ਤਾਂ ਵੀ ਜੀਵਨ ਸਾਰਥਕ ਹੋ ਸਕਦਾ ਹੈ। ਸ਼ਿਵਾਨੀ ਨੇ ਅੱਗੇ ਕਿਹਾ ਕਿ ਸਮਾਜ ਦੇ ਤਾਣੇ ਬਾਣੇ 'ਚ ਉਲਝ ਕੇ ਵੀ ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਸੁੰਦਰਤਾ ਸਸਤੀ ਹੈ ਤੇ ਚਰਿੱਤਰ ਮਹਿੰਗਾ ਹੈ, ਘੜੀ ਸਸਤੀ ਹੈ ਸਮਾਂ ਮਹਿੰਗਾ ਹੈ, ਸਰੀਰ ਸਸਤਾ ਹੈ ਜੀਵਨ ਮਹਿੰਗਾ ਹੈ, ਰਿਸ਼ਤਾ ਸਸਤਾ ਹੈ ਪਰ ਨਿਭਾਣਾ ਮਹਿੰਗਾ ਹੈ।

ਸ਼ਸ਼ੀ ਬਾਲਾ ਨਮਿਤ ਗਰੁੜ ਪੁਰਾਣ ਪਾਠ ਦਾ ਭੋਗ ਅੱਜ

ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)-ਸਵ. ਸ਼ਸ਼ੀ ਬਾਲਾ ਜਿਨ੍ਹਾਂ ਦਾ ਬੀਤੀ 22 ਜੂਨ ਨੂੰ ਅਚਾਨਕ ਦੇਹਾਂਤ ਹੋ ਗਿਆ ਸੀ ਜੋ ਕਿ ਆਪਣੇ ਪਿੱਛੇ ਦੋ ਬੇਟੇ ਅਤੇ ਦੋ ਬੇਟੀਆਂ ਨੂੰ ਛੱਡ ਗਏ ਹਨ, ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਰੁੜ ਪੁਰਾਣ ਦੇ ਪਾਠ ਦਾ ਭੋਗ 2 ਜੁਲਾਈ ਦਿਨ ਐਤਵਾਰ ਨੂੰ ਦੁਪਹਿਰ 1 ਤੋਂ 2 ਵਜੇ ਤੱਕ ਮਾਤਾ ਰਾਣੀ ਮੰਦਰ, ਨੇੜੇ ਬੱਸ ਸਟੈਂਡ, ਮਾਛੀਵਾੜਾ ਸਾਹਿਬ ਵਿਖੇ ਪਾਇਆ ਜਾਵੇਗਾ।

ਬੈਂਕ ਦੇ ਬਾਹਰੋਂ ਬੈਂਕ ਦਾ ਮੋਟਰਸਾਈਕਲ ਚੋਰੀ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਅਮਲੋਹ ਵਿਖੇ ਬੈਂਕ ਆਫ ਬੜੌਦਾ ਦੇ ਬਾਹਰੋਂ ਬੈਂਕ ਦੇ ਕੰਮਕਾਜ ਲਈ ਰੱਖਿਆ ਹੋਇਆ ਬੈਂਕ ਦਾ ਮੋਟਰਸਾਈਕਲ ਚੋਰੀ ਹੋ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਬੈਂਕ ਆਫ ਬੜੌਦਾ ਦੀ ਅਮਲੋਹ ਬ੍ਰਾਂਚ ਦੇ ਮੈਨੇਜਰ ਪ੍ਰਣਵ ਘਈ ਨੇ ਦੱਸਿਆ ਕਿ ਉਨ੍ਹਾਂ ਨੇ ਬੈਂਕ ਦੇ ਕੰਮਕਾਜ ਲਈ ਇੱਕ ਸਪਲੈਂਡਰ ਮੋਟਰਸਾਈਕਲ ਨੰਬਰ ਪੀ.ਬੀ.23.ਐਸ-2527 ਰੱਖਿਆ ਹੋਇਆ ਸੀ ਜੋ ਬੈਂਕ ਦੇ ਨਾਂਅ 'ਤੇ ਹੀ ਸੀ ਜੋ ਕਿ ਬੀਤੇ ਕੱਲ੍ਹ ਬੈਂਕ ਦੇ ਬਾਹਰ ਖੜ੍ਹਾ ਕੀਤਾ ਗਿਆ ਸੀ, ਜਿਸ ਨੂੰ ਦੁਪਹਿਰ 12 ਵਜੇ ਦੇ ਕਰੀਬ ਅਣਪਛਾਤਿਆਂ ਵੱਲੋਂ ਚੋਰੀ ਕਰ ਲਿਆ ਗਿਆ। ਥਾਣਾ ਅਮਲੋਹ ਦੀ ਪੁਲਿਸ ਵੱਲੋਂ ਅਣਪਛਾਤਿਆਂ ਵਿਰੁੱਧ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

ਮਹਿਲ ਕਲਾਂ ਸਕੂਲ ਨੂੰ ਨੰਬਰ 1 ਬਣਾਉਣ ਲਈ ਯਤਨ ਆਰੰਭੇ : ਚੇਅਰਮੈਨ ਖ਼ਾਲਸਾ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਸ਼ਹੀਦ ਬੀਬੀ ਕਿਰਨਜੀਤ ਕੌਰ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਆਫ਼ ਐਮੀਨੈਂਸ ਮਹਿਲ ਕਲਾਂ ਵਿਖੇ ਸਕੂਲ ਦੀ ਨਵੀਂ ਉਸਾਰੀ ਜਾ ਰਹੀ ਇਮਾਰਤ ਦੇ 4 ਕਮਰਿਆਂ ਦਾ ਲੈਂਟਰ ਪ੍ਰਿੰ: ਰਾਜਿੰਦਰ ਸਿੰਘ ਦੀ ਦੇਖ-ਰੇਖ ਹੇਠ ਪਾਇਆ ਗਿਆ। ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਜਗਸੀਰ ਸਿੰਘ ਖ਼ਾਲਸਾ ਨੇ ਦੱਸਿਆ ਕਿ ਸਕੂਲ ਦਾ ਬੁਨਿਆਦੀ ਢਾਂਚਾ ਮਜ਼ਬੂਤ ਕਰਨ ਲਈ ਇਮਾਰਤ ਦੇ ਚਾਰ ਕਮਰਿਆਂ ਦੀ ਉਸਾਰੀ ਕੀਤੀ ਗਈ ਹੈ, ਜਿਸ ਦਾ ਲੈਂਟਰ ਅੱਜ ਪਾ ਦਿੱਤਾ ਗਿਆ। ਇਸ ਇਮਾਰਤ ਨੂੰ ਸੀਮਤ ਸਮੇਂ ਅੰਦਰ ਮੁਕੰਮਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ, ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੇ ਸਹਿਯੋਗ ਸਦਕਾ ਇਸ ਸਕੂਲ ਨੂੰ ਪੰਜਾਬ ਭਰ 'ਚੋਂ ਨੰਬਰ 1 ਬਣਾਉਣ ਲਈ ਯਤਨ ਆਰੰਭੇ ਗਏ ਹਨ। ਹੁਣ ਸਮੂਹ ਮਾਪਿਆਂ, ਪਿੰਡ ਵਾਸੀਆਂ, ਗ੍ਰਾਮ ਪੰਚਾਇਤਾਂ ਅਤੇ ਪ੍ਰਵਾਸੀ ਭਾਰਤੀਆਂ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਮੋਢੇ ਨਾਲ ਮੋਢਾ ਜੋੜ ਕੇ ਇਸ ਕਾਰਜ 'ਚ ਸਾਥ ਦੇਣ।

ਪ੍ਰੀਤਮ ਸਿੰਘ ਮਾਨਗੜ੍ਹ ਲੁਧਿਆਣਾ ਦਿਹਾਤੀ ਦੇ ਪ੍ਰਧਾਨ ਨਿਯੁਕਤ

ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਸ੍ਰ. ਪ੍ਰੀਤਮ ਸਿੰਘ ਮਾਨਗੜ੍ਹ ਨੂੰ ਉਨ੍ਹਾ ਦੀਆਂ ਨਿਰਸਵਾਰਥ ਅਣਥੱਕ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਜਥੇਬੰਦੀ ਦੇ ਲੁਧਿਆਣਾ ਜ਼ਿਲ੍ਹੇ ਦੇ ਦਿਹਾਤੀ ਪ੍ਰਧਾਨ ਦੇ ਤੌਰ 'ਤੇ ਨਿਯੁਕਤ ਕੀਤਾ ਹੈ, ਜਿਸ ਵਿੱਚ ਉਹ ਪੁਲਸ ਜ਼ਿਲ੍ਹਾ ਖੰਨਾ, ਸਮਰਾਲਾ, ਮਾਛੀਵਾੜ

2-JULY-PAGE-8.qxd 7/1/2023 10:39 PM Page 1

ਮੁੱਖ ਮੰਤਰੀ ਦੀ ਕੋਠੀ ਵੱਲ ਮਾਰਚ ਸਮੇਂ ਕੱਚੇ ਅਧਿਆਪਕਾਂ 'ਤੇ ਪੁਲਸ ਵੱਲੋਂ ਲਾਠੀਚਾਰਜ ਦੀ ਜ਼ੋਰਦਾਰ ਨਿੰਦਾ

■ ਡੀ ਟੀ ਐੱਫ ਦੇ ਸੁਖਵਿੰਦਰ ਸੁੱਖੀ, ਕਰਮਜੀਤ ਤਾਮਕੋਟ ਸਮੇਤ ਅਨੇਕਾਂ ਆਗੂ ਗ੍ਰਿਫ਼ਤਾਰ

ਤਲਵੰਡੀ ਸਾਬੋ/ਬਠਿੰਡਾ
(ਜਗਦੀਪ ਗਿੱਲ/ਪਰਵਿੰਦਰ ਜੀਤ ਸਿੰਘ)

ਸੰਗਰੂਰ ਵਿਖੇ ਕੱਚੇ ਅਧਿਆਪਕਾਂ ਦੇ ਲੱਗੇ ਪੱਕੇ ਮੋਰਚੇ ਵੱਲੋਂ ਰੈਗੂਲਰ ਹੋਣ ਲਈ ਪਿਛਲੇ ਲੰਮੇ ਸਮੇਂ ਤੋਂ ਪੱਕਾ ਧਰਨਾ ਚੱਲ ਰਿਹਾ ਹੈ। ਅਧਿਆਪਕਾਂ ਵੱਲੋਂ ਮੁੱਖ ਮੰਤਰੀ ਦੀ ਕੋਠੀ ਵੱਲ ਮਾਰਚ ਕਰਨ ਤੋਂ ਰੋਕਣ ਲਈ ਸੰਗਰੂਰ ਦੀ ਪੁਸਿ ਨੇ ਅਧਿਆਪਕਾਂ ਉੱਪਰ ਅੰਨ੍ਹੇਵਾਹ ਲਾਠੀਚਾਰਜ ਕੀਤਾ। ਇਸ ਲਾਠੀਚਾਰਜ ਵਿੱਚ ਕਈ ਅਧਿਆਪਕ ਭੈਣਾਂ ਦੇ ਗੰਭੀਰ ਸੱਟਾਂ ਲੱਗੀਆਂ ਤੇ ਪੁਰਸ਼ ਅਧਿਆਪਕਾਂ ਦੀਆਂ ਪੱਗਾਂ ਲਾਈਆਂ ਗਈਆਂ ਤੇ ਧੂਹ ਘੜੀਸ ਕੀਤੀ ਗਈ। ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੈ ਪਾਲ ਸ਼ਰਮਾ ਤੇ ਸੂਬਾ ਸਕੱਤਰ ਬਲਵੀਰ ਚੰਦ ਲੌਂਗੋਵਾਲ ਨੇ ਕਿਹਾ ਕਿ ਸਰਕਾਰ ਦਾ ਇਸ ਐਕਸਨ ਨਾਲ ਲੋਕ ਪੱਖੀ ਚਿਹਰਾ ਨੰਗਾ ਹੋ ਗਿਆ ਹੈ।

ਡੀਟੀਐੱਫ ਵੱਲੋਂ ਆਗੂਆਂ ਨੇ ਸਰਕਾਰ ਦੀ ਇਸ ਕਾਰਵਾਈ ਤੇ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਕੱਚੇ ਅਧਿਆਪਕਾਂ ਦੇ ਰੈਗੂਲਰ ਹੋਣ ਲਈ ਲਗਾਏ ਪੱਕੇ ਮੋਰਚੇ ਦੀ ਹਮਾਇਤ ਲਈ ਡੈਮੋਕ੍ਰੇਟਿਕ ਟੀਚਰਜ਼ ਫਰੰਟ ਨੇ ਪੂਰਨ ਸਮਰਥਨ ਕਰਦਿਆਂ ਅੱਜ ਦੇ ਇਸ ਮਾਰਚ ਵਿੱਚ ਸ਼ਮੂਲੀਅਤ ਕੀਤੀ। ਪੁਲਸ ਵੱਲੋਂ ਲਾਠੀਚਾਰਜ ਉਪਰੰਤ ਅਨੇਕਾਂ ਅਧਿਆਪਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਸ ਵਿੱਚ ਡੀ.ਟੀ.ਐੱਫ. ਦੇ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਸੁਖਵਿੰਦਰ ਸੁੱਖੀ ਤੇ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਰਾਜਵਿੰਦਰ ਬਹਿਣੀਵਾਲ ਸਮੇਤ ਡੀ ਟੀ ਐੱਫ ਦੇ ਕਾਰਕੁਨਾਂ ਤੇ ਕੱਚੇ ਅਧਿਆਪਕਾਂ ਨੂੰ ਗ੍ਰਿਫ਼ਤਾਰ ਕਰਕੇ ਆਪਣਾ ਅਸਲ ਚਿਹਰਾ ਦਿਖਾ ਦਿੱਤਾ ਹੈ। ਆਗੂਆਂ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਭਗਵੰਤ ਮਾਨ ਤੇ ਕੇਜਰੀਵਾਲ ਨੇ ਕੱਚੇ ਅਧਿਆਪਕਾਂ ਨੂੰ ਰੈਗੂਲਰ ਕਰਨ ਦਾ ਵਾਅਦਾ ਕੀਤਾ ਸੀ, ਪਰ ਸਰਕਾਰ ਵੱਲੋਂ ਅਧਿਆਪਕਾਂ ਨੂੰ ਰੈਗੂਲਰ ਕਰਕੇ ਸਾਰੇ ਭੱਤੇ ਦੇਣ ਦੀ ਬਜਾਏ ਤਨਖਾਹ 'ਚ ਉੱਕਾ ਪੁੱਕਾ ਵਾਧਾ ਕਰਕੇ ਆਪਣੇ ਕੀਤੇ ਵਾਅਦੇ ਤੋਂ ਪਿੱਛੇ ਹਟੇ ਹਨ। ਬਠਿੰਡਾ ਜ਼ਿਲ੍ਹੇ ਦੇ ਪ੍ਰਧਾਨ ਰੇਸਮ ਸਿੰਘ, ਸਕੱਤਰ ਜਸਵਿੰਦਰ ਸਿੰਘ, ਸੀਨੀਅਰ ਮੀਤ ਪ੍ਰਧਾਨ ਬਲਜਿੰਦਰ ਸਿੰਘ ਨੇ ਕਿਹਾ ਕਿ ਅਧਿਆਪਕਾਂ ਦੀਆਂ ਮੰਗਾਂ ਪੂਰੀਆਂ ਕਰਕੇ ਟੈਂਕੀ ਉੱਪਰ ਚੜ੍ਹੇ ਅਧਿਆਪਕਾਂ ਨੂੰ ਹੇਠਾਂ ਉਤਾਰ ਕੇ ਸਕੂਲ ਭੇਜਣ ਵੱਲ ਕਦਮ ਵਧਾਵੇ ਨਾ ਕਿ ਲਾਠੀ ਦੇ ਜ਼ੋਰ 'ਤੇ ਅਧਿਆਪਕਾਂ ਦੀਆਂ ਮੰਗਾਂ ਨੂੰ ਦਰੜਨ ਦੀ ਚਾਲ ਚੱਲੇ। ਇਸ ਮੌਕੇ ਬਠਿੰਡਾ ਦੇ ਮੀਤ ਪ੍ਰਧਾਨ ਵਿਕਾਸ ਗਰਗ ਸਕੱਤਰ ਅਨਿਲ ਭੱਟ ਸਕੱਤਰ ਗੁਰਪ੍ਰੀਤ ਖੇਮੂਆਣਾ, ਜਥੇਬੰਦਕ ਸਕੱਤਰ ਕੁਲਵਿੰਦਰ ਸਿੰਘ ਵਿਰਕ, ਤਲਵੰਡੀ ਸਾਬੋ ਦੇ ਬਲਾਕ ਪ੍ਰਧਾਨ ਭੋਲਾ ਰਾਮ ਤੇ ਜਨਰਲ ਸਕੱਤਰ ਗੁਰਜਿੰਦਰ ਸਿੰਘ ਹਾਜ਼ਰ ਸਨ।

ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ, ਪ੍ਰਦੀਪ ਸ਼ਰਮਾ) : ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੇ ਕੱਚੇ ਅਧਿਆਪਕਾਂ ਉੱਪਰ ਸੰਗਰੂਰ ਵਿਖੇ ਪੁਲਸ ਤਸ਼ੱਦਦ ਦੀ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਵੱਲੋਂ ਸਖਤ ਨਿਖੇਧੀ ਕੀਤੀ ਗਈ। ਇਸ ਸਬੰਧੀ ਟਿੱਪਣੀ ਕਰਦੇ ਹੋਏ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ, ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਜਨਰਲ ਸਕੱਤਰ ਗੁਰਪ੍ਰੀਤ ਸਿੰਘ ਮਾੜੀ ਮੇਘਾ, ਸਰਪ੍ਰਸਤ ਚਰਨ ਸਿੰਘ ਸਰਾਭਾ, ਸੀਨੀਅਰ ਮੀਤ ਪ੍ਰਧਾਨ ਪ੍ਰਵੀਨ ਕੁਮਾਰ ਲੁਧਿਆਣਾ, ਬਲਕਰ ਵਲਟੋਹਾ, ਪ੍ਰੇਮ ਚਾਵਲਾ, ਸੰਜੀਵ ਸ਼ਰਮਾ ਲੁਧਿਆਣਾ, ਨਵੀਨ ਸਚਦੇਵਾ ਜ਼ੀਰਾ, ਟਹਿਲ ਸਿੰਘ ਸਰਾਭਾ, ਪਰਮਿੰਦਰਪਾਲ ਸਿੰਘ ਕਾਲੀਆ ਆਗੂਆਂ ਨੇ ਸਾਂਝੇ ਰੂਪ ਵਿੱਚ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਸੰਪੂਰਨ ਤੌਰ 'ਤੇ ਰੈਗੂਲਰ ਕਰਨ ਦੀ ਬਜਾਏ ਵੱਖਰੇ ਤੌਰ 'ਤੇ ਤਨਖਾਹ ਦੇ ਵਾਧੇ ਸਮੇਤ ਸਪੈਸ਼ਲ ਕਾਡਰ ਬਣਾਉਣ ਦੀ ਗੱਲ ਕੀਤੀ ਗਈ ਹੈ। ਜਥੇਬੰਦੀ ਪੰਜਾਬ ਸਰਕਾਰ ਤੋਂ ਮੰਗ ਕਰਦੀ ਹੈ ਕਿ ਇਨ੍ਹਾਂ ਅਧਿਆਪਕਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਦਿੱਤਾ ਜਾਵੇ ਤੇ ਇਨ੍ਹਾਂ ਨੂੰ ਸਬੰਧਤ ਅਸਾਮੀਆਂ ਉਤੇ ਪੂਰੀਆਂ ਤਨਖਾਹਾਂ ਸਮੇਤ ਤਨਖਾਹ ਸਕੇਲ ਲਾਗੂ ਕੀਤਾ ਜਾਵੇ। ਇਸ ਤੋਂ ਇਲਾਵਾ ਮਾਣਯੋਗ ਸੁਪਰੀਮ ਕੋਰਟ ਦਾ ਫੈਸਲਾ 'ਸਮਾਨ ਕੰਮ ਲਈ ਸਮਾਨ ਤਨਖਾਹ' ਲਾਗੂ ਕਰਕੇ ਬੇਇਨਸਾਫੀ ਨੂੰ ਦੂਰ ਕੀਤਾ ਜਾਵੇ। ਇਨ੍ਹਾਂ ਅਧਿਆਪਕਾਂ ਉੱਪਰ ਵੀ ਮਹਿੰਗਾਈ ਭੱਤੇ ਸਮੇਤ ਵੱਖ ਵੱਖ ਭੱਤਿਆਂ, ਤਨਖਾਹ ਕਮਿਸ਼ਨ ਦੀ ਰਿਪੋਰਟ, ਪੁਰਾਣੀ ਪੈਨਸ਼ਨ ਸਕੀਮ ਆਦਿ ਸਹੂਲਤਾਂ ਲਾਗੂ ਕਰਕੇ ਬਣਦਾ ਇਨਸਾਫ ਕੀਤਾ ਜਾਵੇ।

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ) : ਸੰਗਰੂਰ ਵਿਖੇ ਕੱਚੇ ਅਧਿਆਪਕਾਂ ਦੇ ਲੱਗੇ ਪੱਕੇ ਮੋਰਚੇ ਵੱਲੋਂ ਰੈਗੂਲਰ ਹੋਣ ਲਈ ਪਿਛਲੇ ਲੰਮੇ ਸਮੇਂ ਤੋਂ ਪੱਕਾ ਧਰਨਾ ਚੱਲ ਰਿਹਾ ਹੈ। ਅਧਿਆਪਕਾਂ ਵੱਲੋਂ ਮੁੱਖ ਮੰਤਰੀ ਦੀ ਕੋਠੀ ਵੱਲ ਮਾਰਚ ਕਰਨ ਤੋਂ ਰੋਕਣ ਲਈ ਸੰਗਰੂਰ ਦੀ ਪੁਲਸ ਨੇ ਅਧਿਆਪਕਾਂ ਉੱਪਰ ਅੰਨ੍ਹੇਵਾਹ ਲਾਠੀਚਾਰਜ ਕੀਤਾ। ਇਸ ਲਾਠੀਚਾਰਜ ਵਿੱਚ ਕਈ ਅਧਿਆਪਕ ਭੈਣਾਂ ਦੇ ਗੰਭੀਰ ਸੱਟਾਂ ਲੱਗੀਆਂ ਤੇ ਪੁਰਸ਼ ਅਧਿਆਪਕਾਂ ਦੀਆਂ ਪੱਗਾਂ ਲਾਈਆਂ ਗਈਆਂ ਤੇ ਧੂਹ ਘੜੀਸ ਕੀਤੀ ਗਈ। ਡੈਮੋਕ੍ਰੇਟਿਕ ਟੀਚਰ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੈ ਪਾਲ ਸ਼ਰਮਾ ਤੇ ਸੂਬਾ ਸਕੱਤਰ ਬਲਵੀਰ ਚੰਦ ਲੌਂਗੋਵਾਲ ਕਿਹਾ ਕਿ ਸਰਕਾਰ ਦਾ ਇਸ ਐਕਸ਼ਨ ਨਾਲ ਲੋਕਪੱਖੀ ਚਿਹਰਾ ਨੰਗਾ ਹੋ ਗਿਆ ਹੈ। ਉਨ੍ਹਾਂ ਨੇ ਸਰਕਾਰ ਦੀ ਇਸ ਕਾਰਵਾਈ 'ਤੇ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ।

ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਹਰੀਕੇ ਤੇ ਜ਼ਿਲ੍ਹਾ ਸਕੱਤਰ ਜੀਵਨ ਸਿੰਘ ਬਧਾਈ ਨੇ ਕਿਹਾ ਕਿ ਅਧਿਆਪਕਾਂ ਦੀਆਂ ਮੰਗਾਂ ਪੂਰੀਆਂ ਕਰਕੇ ਟੈਂਕੀ ਉੱਪਰ ਚੜ੍ਹੇ ਅਧਿਆਪਕਾਂ ਨੂੰ ਹੇਠਾਂ ਉਤਾਰ ਕੇ ਸਕੂਲ ਭੇਜਣ ਵੱਲ ਕਦਮ ਵਧਾਵੇ ਨਾ ਕਿ ਲਾਠੀ ਦੇ ਜ਼ੋਰ ਤੇ ਅਧਿਆਪਕਾਂ ਦੀਆਂ ਮੰਗਾਂ ਨੂੰ ਦਰੜਨ ਦੀ ਚਾਲ ਚੱਲੇ। ਇਸ ਮੌਕੇ ਜਥੇਬੰਦਕ ਆਗੂ ਸੁਰਿੰਦਰ ਸੇਤੀਆ, ਪਰਮਿੰਦਰ ਪਾਲ ਸਿੰਘ, ਪਰਮਿੰਦਰ ਖੋਖਰ, ਮਨੋਜ ਕੁਮਾਰ, ਚਰਨਜੀਤ ਅਟਵਾਲ ਆਦਿ ਹਾਜ਼ਰ ਸਨ।

ਦੇਵ ਮਾਨ ਨੇ ਕਾਲਸਨਾ 'ਚ ਵਿਕਾਸ ਕਾਰਜਾਂ ਦੇ ਰੱਖੇ ਨੀਂਹ ਪੱਥਰ

ਨਾਭਾ (ਵਰਿੰਦਰ ਵਰਮਾ)-ਪੰਜਾਬ ਸਰਕਾਰ ਪਿੰਡਾਂ ਦੇ ਵਿਕਾਸ ਕਾਰਜ ਯੋਜਨਾਬੱਧ ਢੰਗ ਨਾਲ ਕਰਵਾ ਰਹੀ ਹੈ, ਕਿਉਂਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਇਕੋ-ਇਕ ਮਿਸ਼ਨ ਪੰਜਾਬ ਦਾ ਵਿਕਾਸ ਕਰਨਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਹਲਕਾ ਨਾਭਾ ਦੇ ਪਿੰਡ ਕਾਲਸਨਾ ਵਿਖੇ ਆਂਗਨਵਾੜੀ ਸੈਂਟਰ ਦੇ ਕਮਰਿਆਂ ਤੇ ਐੱਸ ਸੀ ਧਰਮਸ਼ਾਲਾ ਦੇ ਵਰਾਂਡੇ ਦਾ ਨੀਂਹ ਪੱਥਰ ਰੱਖਣ ਉਪਰੰਤ ਕੀਤਾ। ਇਸ ਮੌਕੇ ਪਿੰਡ ਦੀ ਪੰਚਾਇਤ ਵੱਲੋਂ ਵਿਧਾਇਕ ਦੇਵ ਮਾਨ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਦੇਵ ਮਾਨ ਨੇ ਕਿਹਾ ਕਿ ਪਿੰਡਾਂ ਵਿੱਚ ਬਿਨਾਂ ਪੱਖਪਾਤ ਤੋਂ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹਲਕੇ ਵਿੱਚ ਵੱਡੇ ਪੱਧਰ 'ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਮਾਨ ਸਰਕਾਰ ਵੱਲੋਂ ਹਲਕੇ ਦੇ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਉਨ੍ਹਾਂ ਨਾਲ ਗੁਰਦੀਪ ਸਿੰਘ ਦੀਪਾ ਰਾਮਗੜ੍ਹ ਚੇਅਰਮੈਨ ਮਾਰਕਿਟ ਕਮੇਟੀ ਭਾਦਸੋਂ, ਨਿਰਭੈ ਸਿੰਘ ਘੁੰਡਰ ਪ੍ਰਧਾਨ ਟਰੱਕ ਯੂਨੀਅਨ ਭਾਦਸੋਂ, ਸੁੱਖ ਘੁੰਮਣ ਬਲਾਕ ਪ੍ਰਧਾਨ, ਗੁਰਦੀਪ ਸਿੰਘ ਟਿਵਾਣਾ, ਤੇਜਿੰਦਰ ਸਿੰਘ ਖਹਿਰਾ, ਮੁਸਤਾਕ ਖਾਨ ਰੈਸਲ, ਧਰਮਿੰਦਰ ਸਿੰਘ ਸੁਖੇਵਾਲ, ਪਰਮਜੀਤ ਕੌਰ ਸਰਪੰਚ, ਗੁਰਕੀਰਤ ਸਿੰਘ ਕਲਸਨਾ, ਗੋਪਾਲ ਸਿੰਘ ਪੰਚ, ਇਕਬਾਲ ਸਿੰਘ ਪੰਚ, ਸਤਨਾਮ ਸਿੰਘ ਪੰਚ, ਅਮਰਜੀਤ ਕੌਰ ਪੰਚ, ਗੁਰਮੁੱਖ ਸਿੰਘ ਫੌਜੀ, ਗੁਰਜੰਟ ਸਿੰਘ, ਬਲਵਿੰਦਰ ਸਿੰਘ ਲੰਬੜਦਾਰ, ਕੁਲਵਿੰਦਰ ਸਿੰਘ, ਹਰਦੀਪ ਸਿੰਘ, ਅਮਰੀਕ ਸਿੰਘ, ਗੁਰਜੀਤ ਸਿੰਘ, ਕੁਲਦੀਪ ਸਿੰਘ, ਜਗਤਾਰ ਸਿੰਘ, ਭੁਪਿੰਦਰ ਸਿੰਘ ਕੱਲਰਮਾਜਰੀ, ਜਸਵੀਰ ਸਿੰਘ ਵਜੀਦਪੁਰ ਆਦਿ ਮੌਜੂਦ ਸਨ।

ਕਾਤਰਾਂ

ਅੰਗਹੀਣ ਸਾਥੀਆਂ ਦੀ ਮੀਟਿੰਗ ਅੱਜ

ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)-ਫਿਜੀਕਲ ਹੈਂਡੀਕੈਪਡ ਐਸੋਸੀਏਸ਼ਨ ਜ਼ਿਲ੍ਹਾ ਸੰਗਰੂਰ, ਮਲੇਰਕੋਟਲਾ ਤੇ ਬਰਨਾਲਾ ਨਾਲ ਸਬੰਧਤ ਅੰਗਹੀਣ ਸਾਥੀਆਂ ਦੀ ਇੱਕ ਮੀਟਿੰਗ ਡੀ ਸੀ ਕੰਪਲੈਕਸ ਸੰਗਰੂਰ ਵਿਖੇ 2 ਜੁਲਾਈ ਸਵੇਰੇ 10: 00 ਵਜੇ ਰੱਖੀ ਗਈ ਹੈ, ਜਿਸ ਵਿੱਚ ਇਨ੍ਹਾਂ ਜ਼ਿਲ੍ਹਿਆਂ ਤੋਂ ਅੰਗਹੀਣ ਸਾਥੀਆਂ ਨੂੰ ਵਧ ਚੜ੍ਹ ਕੇ ਹਿੱਸਾ ਲੈਣ ਲਈ ਬੇਨਤੀ ਕੀਤੀ। ਇਸ ਪ੍ਰੋਗਰਾਮ ਸਬੰਧੀ ਚਮਕੌਰ ਸਿੰਘ ਸ਼ਾਹਪੁਰ ਨੇ ਜਾਣਕਾਰੀ ਦਿੰਦਿਆਂ ਕਿ ਫਿਜੀਕਲ ਹੈਂਡੀਕੈਪਡ ਐਸੋਸੀਏਸ਼ਨ ਪੰਜਾਬ ਚੰਡੀਗੜ੍ਹ ਦਾ ਸੂਬਾ ਜਨਰਲ ਕੌਂਸਲ ਦਾ ਅਜਲਾਸ ਹੋਣ ਜਾ ਰਿਹਾ ਹੈ। ਇਸ ਤੋਂ ਇਲਾਵਾ ਅੰਗਹੀਣਾਂ ਦੇ ਭਖਦੇ ਮਸਲੇ ਵਿਚਾਰੇ ਜਾਣਗੇ।

ਰੇਲ ਗੱਡੀ ਹੇਠਾਂ ਆਉਣ ਕਾਰਨ ਵਿਅਕਤੀ ਦੀ ਮੌਤ

ਮਾਨਸਾ (ਗੀਤਵਾਲ)-ਸਥਾਨਕ ਸ਼ਹਿਰ ਦੇ ਰੇਲਵੇ ਅੰਡਰ ਬ੍ਰਿਜ ਨੇੜੇ ਲੰਘਦੀ ਰੇਲਵੇ ਲਾਈਨ 'ਤੇ ਸ਼ਨੀਵਾਰ ਦੀ ਸਵੇਰ 9.30 ਵਜੇ ਦੇ ਕਰੀਬ ਜਾਖਲ ਤੋਂ ਬਠਿੰਡਾ ਵੱਲ ਜਾ ਰਹੀ ਇੱਕ ਯਾਤਰੀ ਰੇਲ ਗੱਡੀ ਹੇਠਾਂ ਆਉਣ ਕਾਰਨ ਇੱਕ ਵਿਅਕਤੀ ਲਾਈਨ ਪਾਰ ਕਰਦੇ ਸਮੇਂ ਮੌਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਚੌਕੀ ਇੰਚਾਰਜ ਨਿਰਮਲ ਸਿੰਘ ਮਾਨਸਾ ਨੇ ਦੱਸਿਆ ਕਿ ਬਿੱਕਰ ਸਿੰਘ (65) ਵਾਸੀ ਖੋਖਰ ਖੁਰਦ ਦੀ ਰੇਲਵੇ ਲਾਈਨ ਪਾਰ ਕਰਦੇ ਸਮੇਂ ਰੇਲ ਗੱਡੀ ਹੇਠਾਂ ਆਉਣ ਕਾਰਨ ਮੌਤ ਹੋ ਗਈ। ਰੇਲਵੇ ਪੁਲਿਸ ਨੇ ਮ੍ਰਿਤਕ ਦੇ ਬੇਟੇ ਰਾਮਪਾਲ ਸਿੰਘ ਦੇ ਬਿਆਨਾਂ 'ਤੇ 174 ਦੀ ਕਾਰਵਾਈ ਕਰਦਿਆਂ ਪੋਸਟਮਾਰਟਮ ਕਰਵਾਉਣ ਉਪਰੰਤ ਲਾਸ਼ ਵਾਰਿਸਾਂ ਨੂੰ ਸੌਂਪ ਦਿੱਤੀ। ਮ੍ਰਿਤਕ ਆਪਣੇ ਪਿੱਛੇ ਪਤਨੀ ਤੇ ਚਾਰ ਲੜਕੀਆਂ ਤੋਂ ਇਲਾਵਾ ਇੱਕ ਲੜਕਾ ਛੱਡ ਗਿਆ ਹੈ।

ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਵਿਖੇ ਅੰਮ੍ਰਿਤ ਸੰਚਾਰ ਭਲਕੇ

ਬਾਘਾ ਪੁਰਾਣਾ (ਮਨੀ ਸਿੰਗਲਾ)-ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤਪ ਅਸਥਾਨ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਚੰਦ ਪੁਰਾਣਾ ਵਿਖੇ ਭਲਕੇ ਪੂਰਨਮਾਸ਼ੀ ਦਾ ਪਵਿੱਤਰ ਦਿਹਾੜਾ ਬਹੁਤ ਸ਼ਰਧਾ ਨਾਲ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਦੀ ਰਹਿਨੁਮਾਈ ਹੇਠ ਮਨਾਇਆ ਜਾ ਰਿਹਾ ਹੈ। ਬਾਬਾ ਜੀ ਨੇ ਦੱਸਿਆ ਕਿ ਸਵੇਰੇ 10 ਵਜੇ ਤਿੰਨ ਸ੍ਰੀ ਅਖੰਡ ਪਾਠ ਦਾ ਭੋਗ ਪਾਏ ਜਾਣਗੇ। ਉਪਰੰਤ ਰੱਬੀ ਬਾਣੀ ਦਾ ਕੀਰਤਨ ਤੇ ਭਾਰੀ ਦਿਵਾਨ ਦੁਪਹਿਰ 2 ਵਜੇ ਤੱਕ ਸਜਣਗੇ। ਇਸ ਮੌਕੇ ਸੰਗਤਾਂ ਨੂੰ ਅੰਮ੍ਰਿਤ ਸੰਚਾਰ ਵੀ ਕਰਵਾਇਆ ਜਾਵੇਗਾ।

ਰੇਲ ਗੱਡੀ ਹੇਠਾਂ ਆਉਣ ਕਾਰਨ ਅਣਪਛਾਤੇ ਦੀ ਮੌਤ

ਮਾਨਸਾ (ਗੀਤਵਾਲ)-ਸਥਾਨਕ ਰੇਲਵੇ ਫਾਟਕ ਨਜ਼ਦੀਕ ਇੱਕ ਅਣਪਛਾਤੇ ਵਿਅਕਤੀ (40) ਰੇਲਵੇ ਲਾਈਨ ਕਰਾਸ ਕਰਦੇ ਸਮੇਂ ਸੁਪਰ ਫਾਸਟ ਗੱਡੀ ਦੀ ਲਪੇਟ ਵਿੱਚ ਆਉਣ ਕਾਰਨ ਮੌਤ ਹੋ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਏ.ਐੱਸ.ਆਈ. ਨਿਰਮਲ ਸਿੰਘ ਚੌਕੀ ਇੰਚਾਰਜ ਜੀ.ਆਰ.ਪੀ. ਮਾਨਸਾ ਨੇ ਦੱਸਿਆ ਕਿ ਸ਼ਨੀਵਾਰ ਦੀ ਸਵੇਰ ਲਾਈਨ ਕਰਾਸ ਕਰਦੇ ਸਮੇਂ ਜਾਖਲ ਤੋਂ ਬਠਿੰਡਾ ਵੱਲ ਜਾ ਰਹੀ ਸੁਪਰ ਫਾਸਟ ਰੇਲ ਗੱਡੀ ਹੇਠਾਂ ਆਉਣ ਕਾਰਨ ਇੱਕ ਅਣਪਛਾਤੇ ਵਿਅਕਤੀ ਦੀ ਮੌਤ ਹੋ ਗਈ। ਉਨ੍ਹਾ ਕਿਹਾ ਕਿ ਮ੍ਰਿਤਕ ਦੀ ਲਾਸ਼ ਨੂੰ ਸ਼ਨਾਖਤ ਲਈ ਸਿਵਲ ਹਸਪਤਾਲ ਮਾਨਸਾ ਵਿਖੇ ਰੱਖਿਆ ਗਿਆ ਹੈ, ਜਿਸ ਦਾ ਹੁਲੀਆ ਸਾਂਵਲਾ ਰੰਗ, ਮਕਬੂਤ ਤੇ ਫੁਰਤੀਲਾ ਸਰੀਰ, ਸਿਰ ਦੇ ਵਾਲ ਕਾਲੇ ਤੇ ਕੱਟੇ ਹੋਏ ਅਤੇ ਕੱਦ 5 ਫੁੱਟ 6 ਇੰਚ ਹੈ। ਵਧੇਰੇ ਜਾਣਕਾਰੀ ਲਈ ਚੌਕੀ ਇੰਚਾਰਜ ਨਿਰਮਲ ਸਿੰਘ ਨਾਲ ਮੋਬਾਈਲ ਨੰਬਰ 80378-58588 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਪੁਲਸ ਨੇ 24 ਘੰਟਿਆਂ 'ਚ ਕਤਲ ਦੀ ਗੁੱਥੀ ਸੁਲਝਾਈ, ਇੱਕ ਗ੍ਰਿਫ਼ਤਾਰ

■ ਨਸ਼ਾ ਛੁਡਾਓ ਕੇਂਦਰ 'ਚ ਬਣੇ ਦੋਸਤਾਂ ਨੇ ਹੀ ਕੀਤਾ ਕਤਲ

ਜਲਾਲਾਬਾਦ (ਜੀਤ ਕੁਮਾਰ)

ਬੀਤੇ ਦਿਨੀਂ ਥਾਣਾ ਵੈਰੋਕੇ ਦੇ ਅਧੀਨ ਆਉਂਦੇ ਪਿੰਡ ਕਾਠਗੜ੍ਹ ਦੇ ਕੋਲੋ

page-6-2-(JULY)-2023-G-(BV)31.qxd 7/1/2023 10:53 PM Page 1

ਖਿਲਚੀਆਂ ਪੁਲਸ ਵੱਲੋਂ ਹੈਰੋਇਨ ਤੇ ਪਿਸਤੌਲ ਸਮੇਤ ਕਾਬੂ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)–ਸਤਿੰਦਰ ਸਿੰਘ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਸ, ਅੰਮ੍ਰਿਤਸਰ (ਦਿਹਾਤੀ) ਵੱਲੋਂ ਜ਼ਿਲਾ ਅੰਮ੍ਰਿਤਸਰ ਦਿਹਾਤੀ ਵਿੱਚ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਵਿਸੇਸ ਮੁਹਿੰਮ ਚਲਾਈ ਹੋਈ ਹੈ ਜਿਸ ਸਬੰਧੀ ਉਹਨਾ ਵੱਲੋ ਸਾਰੇ ਜੀ.ਓਜ ਅਤੇ ਮੁੱਖ ਅਫਸਰਾਨ ਥਾਣਾ ਨੂੰ ਵਿਸ਼ੇਸ਼ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਨ੍ਹਾਂ ਹਦਾਇਤਾਂ ਤਹਿਤ ਹਰਕ੍ਰਿਸ਼ਨ ਸਿੰਘ, ਪੀਪੀਐਸ, ਉੱਪ ਕਪਤਾਨ ਪੁਲਸ ਬਾਬਾ ਬਕਾਲਾ ਸਾਹਿਬ ਦੀ ਅਗਵਾਈ ਹੇਠ ਐਸਆਈ ਬਿਕਰਮਜੀਤ ਸਿੰਘ, ਮੁੱਖ ਅਫਸਰ ਥਾਣਾ ਖਲਚੀਆਂ ਨੂੰ ਉਸ ਸਮੇਂ ਵੱਡੀ ਕਾਮਯਾਬੀ ਹਾਸਲ ਹੋਈ ਜਦੋਂ ਏਐਸਆਈ ਹਰਬੰਸ ਸਿੰਘ ਵੱਲੋਂ ਸਮੇਤ ਸਾਥੀ ਕਰਮਚਾਰੀਆਂ ਜੀਟੀ ਰੋਡ ਖਲਚੀਆਂ ਵਿਖੇ ਨਾਕਾ ਲਗਾ ਕੇ ਸ਼ੱਕੀ ਵਹੀਕਲਾਂ ਦੀ ਚੈਕਿੰਗ ਦੌਰਾਨ ਇੱਕ ਗੱਡੀ ਫਾਰਚੂਨਰ ਨੰਬਰੀ 466600 ਨੂੰ ਚੈਕਿੰਗ ਲਈ ਰੁਕਣ ਲਈ ਇਸ਼ਾਰਾ ਕੀਤਾ। ਗੱਡੀ ਚਾਲਕ ਗੱਡੀ ਰੋਕਣ ਦੀ ਬਜਾਏ ਗੱਡੀ ਨੂੰ ਪਿੱਛੇ ਮੋੜਨ ਲੱਗੇ ਨੂੰ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਸ਼ੱਕ ਦੀ ਬਿਨਾਹ 'ਤੇ ਰੋਕ ਕੇ ਨਾਮ ਪਤਾ ਪੁੱਛਿਆ ਜਿਸ ਨੇ ਆਪਣਾ ਨਾਮ ਗੁਰਵਿੰਦਰ ਸਿੰਘ ਉਰਫ ਮੋਟਾ ਪੁੱਤਰ ਸਕੱਤਰ ਸਿੰਘ ਵਾਸੀ ਸ਼ੇਰੋਂ ਥਾਣਾ ਸਰਹਾਲੀ ਜ਼ਿਲਾ ਤਰਨਤਾਰਨ ਦੱਸਿਆ ਜੋ ਏਐਸਆਈ ਹਰਬੰਸ ਸਿੰਘ ਵੱਲੋਂ ਸ਼ੱਕ ਦੀ ਬਿਨਾਹ ਤੇ ਗੱਡੀ ਦੀ ਤਲਾਸ਼ੀ ਜ਼ਾਬਤੇ ਅਨੁਸਾਰ ਕਰਨ ਸਬੰਧੀ ਮੌਕਾ ਪਰ ਬਜਰੀਆ ਟੈਲੀਫੋਨ ਉਪ ਪੁਲਸ ਕਪਤਾਨ ਹਰਕ੍ਰਿਸ਼ਨ ਸਿੰਘ ਪੀਪੀਐਸ ਬਾਬਾ ਬਕਾਲਾ ਸਾਹਿਬ ਨੂੰ ਬੁਲਾਇਆ ਗਿਆ। ਉਪ ਪੁਲਸ ਕਪਤਾਨ ਹਰਕ੍ਰਿਸ਼ਨ ਸਿੰਘ ਪੀਪੀਐਸ ਬਾਬਾ ਬਕਾਲਾ ਸਾਹਿਬ ਦੁਆਰਾ ਸਮੇਤ ਸਾਥੀ ਕਰਮਚਾਰੀਆਂ ਮੌਕੇ 'ਤੇ ਪੁੱਜ ਕੇ ਗੁਰਵਿੰਦਰ ਸਿੰਘ ਉਕਤ ਦੀ ਤਲਾਸ਼ੀ ਕਰਨ 'ਤੇ ਹੈਰੋਇਨ ਬ੍ਰਾਮਦ ਹੋਈ ਤੇ ਖੱਬੀ ਡੱਬ ਵਿੱਚੋ ਇੱਕ ਪਿਸਟਲ 32 *ਨੰਬਰੀ -195251 ਅਤੇ ਪੈਂਟ ਦੀ ਸੱਜੀ ਜੇਬ ਵਿੱਚੋਂ ਇੱਕ ਖਾਲੀ ਮੈਗਜ਼ੀਨ ਬ੍ਰਾਮਦ ਹੋਇਆ ਜੋ ਪਿਸਟਲ ਨੂੰ ਅਨਲੋਡ ਕਰਨ ਤੇ 5 ਰੌਦ 32 ਜ਼ਿੰਦਾ ਬ੍ਰਾਮਦ ਹੋਏ। ਬ੍ਰਾਮਦ ਹੈਰੋਇਨ ਦਾ ਤੋਲ ਕਰਨ ਤੇ 500 ਗ੍ਰਾਮ ਹੈਰੋਇਨ ਹੋਈ। ਮੌਕਾ ਪਰ ਗੁਰਵਿੰਦਰ ਸਿੰਘ ਉਰਫ ਮੋਟਾ ਪੁੱਤਰ ਸਕੱਤਰ ਸਿੰਘ ਵਾਸੀ ਸੇਰੋ ਥਾਣਾ ਸਰਹਾਲੀ ਜ਼ਿਲਾ ਤਰਨਤਾਰਨ ਆਪਣੇ ਪਾਸੋਂ ਬ੍ਰਾਮਦਾ 500 ਗ੍ਰਾਮ ਹੈਰੋਇਨ ਤੇ ਪਿਸਟਲ 32* ਸਮੇਤ 05 ਰੌਦ ਜ਼ਿੰਦਾ ਸਬੰਧੀ ਕੋਈ ਦਸਤਾਵੇਜ਼, ਪਰਮਿਟ, ਲਾਇਸੰਸ ਪੇਸ਼ ਨਹੀ ਕਰ ਸਕਿਆ। ਗੁਰਵਿੰਦਰ ਸਿੰਘ ਪਾਸੋ 500 ਗ੍ਰਾਮ ਹੈਰੋਇਨ ਤੇ ਪਿਸਟਲ 32* ਸਮੇਤ 05 ਰੌਦ ਜ਼ਿੰਦਾ ਬ੍ਰਾਮਦ ਹੋਣ ਤੇ ਇਸਦੇ ਖਿਲਾਫ ਮੁੱਕਦਮਾ ਨੰਬਰ 74 ਮਿਤੀ 29-06-2023 ਜੁਰਮ 25-21,61,85 ਐਨਡੀਪੀਐਸ ਐਕਟ. 25 ਆਰਮਜ਼ ਐਕਟ ਤਹਿਤ ਥਾਣਾ ਖਲਚੀਆ ਦਰਜ ਰਜਿਸਟਰ ਕਰਕੇ ਤਫਤੀਸ਼ ਏਐਸਆਈ ਹਰਬੰਸ ਸਿੰਘ ਵੱਲੋਂ ਅਮਲ ਵਿੱਚ ਲਿਆਦੀ ਜਾ ਰਹੀ ਹੈ ਜੋ ਉਕਤ ਗ੍ਰਿਫਤਾਰ ਦੋਸ਼ੀਆਂ ਪਾਸੋਂ ਬੇਹੱਦ ਬਰੀਕੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਤੇ ਪੁੱਛਗਿੱਛ ਦੌਰਾਨ ਹੋਰ ਖੁਲਾਸੇ ਹੋਣ ਦੀ ਸੰਭਾਵਨਾ ਹੈ।

ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਤੇ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਅਧਿਆਪਕਾਂ 'ਤੇ ਲਾਠੀਚਾਰਜ ਦੀ ਨਿੰਦਾ

ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)–ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਅਤੇ ਪੇਂਡੂ ਮਜਦੂਰ ਯੂਨੀਅਨ ਪੰਜਾਬ ਨੇ ਸੰਗਰੂਰ ਵਿਖੇ ਮੁੱਖ ਮੰਤਰੀ ਦੀ ਕੋਠੀ ਅੱਗੇ ਆਪਣੇ ਹੱਕ ਮੰਗਦੇ ਅਧਿਆਪਕਾਂ ਉੱਪਰ ਸਰਕਾਰੀ ਆਦੇਸ਼ਾਂ ਉੱਤੇ ਪੁਲਸ ਵਲੋਂ ਭਾਰੀ ਲਾਠੀਚਾਰਜ ਕਰਨ ਅਤੇ ਡੈਮੋਕ੍ਰੇਟਿਕ ਟੀਚਰਜ ਫਰੰਟ ਦੇ ਸੂਬਾਈ ਆਗੂ ਸਾਥੀ ਮਹਿੰਦਰ ਕੌੜਿਆਂਵਾਲੀ ਤੇ ਰਾਜੀਵ ਬਰਨਾਲਾ ਸਮੇਤ ਅਧਿਆਪਕਾਂ ਨੂੰ ਗ੍ਰਿਫਤਾਰ ਕਰਨ ਦੀ ਤਿੱਖੇ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।

ਪੇਂਡੂ ਮਜਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਅਤੇ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਾਲੌਦ ਤੇ ਕਮੇਟੀ ਆਗੂ ਬਿੱਕਰ ਸਿੰਘ ਹਥੋਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਸਿਰਫ ਇਸ਼ਤਿਹਾਰਬਾਜੀ ਕਰਕੇ ਮੁਲਾਜਮਾਂ ਨੂੰ ਪੱਕੇ ਕਰਨ ਦਾ ਢੋਂਗ ਰਚਿਆ ਜਾ ਰਿਹਾ ਹੈ ਜਦੋਂ ਕਿ ਕੱਚੇ ਅਧਿਆਪਕਾਂ ਦਾ ਨਿਗੂਣੀਆਂ ਤਨਖਾਹਾਂ 'ਤੇ ਸ਼ੋਸ਼ਣ ਕੀਤਾ ਜਾ ਰਿਹਾ ਹੈ। ਜਿਸਦੇ ਖਿਲਾਫ ਵੱਡੀ ਗਿਣਤੀ ਵਿੱਚ ਕੱਚੇ ਅਧਿਆਪਕ ਅਤੇ ਵੱਖ-ਵੱਖ ਜਥੇਬੰਦੀਆਂ ਦੇ ਆਗੂ ਮੁੱਖ ਮੰਤਰੀ ਦੀ ਕੋਠੀ ਅੱਗੇ ਪਹੁੰਚੇ ਤਾਂ ਕੱਚੇ ਅਧਿਆਪਕਾਂ ਦੇ ਸੰਗਰੂਰ ਮੁਜਾਹਰੇ ਦੌਰਾਨ ਕੋਠੀ ਵੱਲ ਵੱਧਦੇ ਕਾਫਲੇ ਉੱਪਰ ਪੁਲਸ ਵਲੋਂ ਲਾਠੀਚਾਰਜ ਨੇ ਸਾਬਿਤ ਕੀਤਾ ਕਿ ਹੱਕੀ ਮੰਗਾਂ ਮੰਨਣ ਦੀ ਥਾਂ ਭਗਵੰਤ ਮਾਨ ਸਰਕਾਰ ਪੰਜਾਬ ਨੂੰ ਪੁਲਸ ਰਾਜ ਵਿੱਚ ਤਬਦੀਲ ਕਰ ਚੁੱਕੀ ਹੈ। ਮਜਦੂਰ ਜਥੇਬੰਦੀਆਂ ਵਲੋਂ ਕੱਚੇ ਮੁਲਾਜਮਾਂ ਦੀਆਂ ਮੰਗਾਂ ਨੂੰ ਡੰਡੇ ਦੇ ਜੋਰ ਨਾਲ ਦਬਾਉਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਉਹਨਾਂ ਦੀਆਂ ਮੰਗਾਂ ਨੂੰ ਫੌਰੀ ਮੰਨਣ ਅਤੇ ਗ੍ਰਿਫਤਾਰ ਆਗੂਆਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ ਗਈ ਅਤੇ ਕੱਚੇ ਅਧਿਆਪਕਾਂ ਦੇ ਸੰਘਰਸ਼ ਦੀ ਡਟਵੀਂ ਹਮਾਇਤ ਦਾ ਐਲਾਨ ਕੀਤਾ ਗਿਆ। ਦੋਨੋਂ ਜਥੇਬੰਦੀਆਂ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਸਰਕਾਰ ਵੱਲੋਂ ਮਜਦੂਰ, ਕਿਸਾਨ,ਮੁਲਾਜਮ, ਵਿਦਿਆਰਥੀ ਅਤੇ ਹਰ ਵਰਗ ਦਾ ਸ਼ੋਸ਼ਣ ਸਿਖਰਾਂ 'ਤੇ ਹੈ। ਸਾਰੇ ਵਰਗਾਂ ਨੂੰ ਇਕੱਠੇ ਹੋ ਕੇ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ਼ ਸੰਘਰਸ਼ ਕਰਨਾ ਹੋਵੇਗਾ।

ਸੀ ਕੇ ਡੀ ਵੱਲੋਂ ਟੀਚਰ ਟਰੇਨਿੰਗ ਪ੍ਰੋਗਰਾਮ ਆਰੰਭ ਕਰਨ ਦਾ ਫੈਸਲਾ

ਅੰਮਿਤਸਰ (ਜਸਬੀਰ ਸਿੰਘ ਪੱਟੀ) ਸਿੱਖੀ ਅਤੇ ਸਿੱਖਿਆ ਨੂੰ ਸਮਰਪਿਤ ਚੀਫ਼ ਖ਼ਾਲਸਾ ਦੀਵਾਨ ਵੱਲੋਂ ਸਫ਼ਲਤਾ ਪੂਰਵਕ ਚਲਾਏ ਜਾ ਰਹੇ 50 ਵਿੱਦਿਅਕ ਅਦਾਰਿਆਂ ਦੇ ਅਧਿਆਪਕਾਂ ਲਈ ਬਦਲਦੇ ਸਮੇਂ ਅਨੁਸਾਰ ਨਵਾਂ ਸਿੱਖਣ, ਸਿਖਾਉਣ ਅਤੇ ਚਿੰਤਨ ਕਰਨ ਹਿੱਤ ਨਵੀਆਂ ਪਹਿਲ ਕਦਮੀਆਂ ਕੀਤੀਆਂ ਜਾ ਰਹੀਆਂ ਹਨ ਜਿਸ ਤਹਿਤ ਚੀਫ਼ ਖ਼ਾਲਸਾ ਦੀਵਾਨ ਦੇ ਡਾਇਰੈਕਟੋਰੇਟ ਐਜੂਕੇਸ਼ਨ ਵੱਲੋਂ ਅਧਿਆਪਨ ਗੁਣਵੱਤਾ ਨੂੰ ਵਧਾਉਣ ਹਿੱਤ ਟੀਚਰ ਟਰੇਨਿੰਗ ਪ੍ਰੋਗਰਾਮ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਸਮੇਂ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਕਿਹਾ ਕਿ ਅਧਿਆਪਕ ਬੱਚਿਆਂ ਦੇ ਭਵਿੱਖ ਦੇ ਸਿਰਜਨਹਾਰ ਹੋਣ ਦੇ ਨਾਲ-ਨਾਲ ਰਾਸ਼ਟਰ ਨਿਰਮਾਤਾ ਵੀ ਹੁੰਦੇ ਹਨ ਸੋ ਅਧਿਆਪਕਾਂ ਨੂੰ ਆਧੁਨਿਕ ਤਕਨੀਕੀ ਯੁੱਗ ਵਿਚ ਸਮੇਂ ਦਾ ਹਾਣੀ ਬਣਾਉਣ ਅਤੇ ਉਨਾਂ ਦੇ ਗਿਆਨ ਨੂੰ ਅਪਗ੍ਰੇਡ ਕਰਕੇ ਸੀਕੇਡੀ ਸਕੂਲਾਂ ਦੇ ਵਿਦਿਅਕ ਪੱਧਰ ਨੂੰ ਉਪਰ ਚੁੱਕਣ ਹਿੱਤ ਅਜਿਹੇ ਟੀਚਰ ਟਰੇਨਿੰਗ ਪ੍ਰੋਗਰਾਮ ਉਲੀਕਣੇ ਬਹੁਤ ਜ਼ਰੂਰੀ ਹਨ ਤਾਂ ਕਿ ਸਿੱਖਿਆ ਦੀ ਸਮੁੱਚੀ ਗੁਣਵੱਤਾ ਵਿਚ ਲੋੜੀਂਦੇ ਸੁਧਾਰ ਲਿਆਂਦੇ ਜਾ ਸਕਣ।

ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਲੁਧਿਆਣਾ ਵਾਲਿਆਂ ਦੀ ਸੇਵਾਮੁਕਤੀ ਸਮੇਂ ਰੱਖੇ ਸਨਮਾਨ ਸਮਾਰੋਹ ਵਿੱਚ ਉਨ੍ਹਾਂ ਨੂੰ ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਅਤੇ ਬਾਬਾ ਫੂਲਾ ਸਿੰਘ ਛਾਉਣੀ ਬੁੱਢਾ ਦਲ ਦੇ ਮਹੰਤ ਬਾਬਾ ਭਗਤ ਸਿੰਘ ਸ੍ਰੀ ਸਾਹਿਬ, ਸਿਰੋਪਾਓ ਅਤੇ ਦੋਸ਼ਾਲਾ ਭੇਟ ਕਰਕੇ ਸਾਂਝੇ ਰੂਪ 'ਚ ਸਨਮਾਨਤ ਕਰਦੇ ਹੋਏ। (ਫੋਟੋ ਤੇ ਵੇਰਵਾ: ਜਸਬੀਰ ਸਿੰਘ ਪੱਟੀ)

ਜੇਲ੍ਹ 'ਚ ਆਟੇ 'ਚ ਤੰਬਾਕੂ ਗੁੰਨ੍ਹ ਕੇ ਪ੍ਰਸ਼ਾਦਾ ਦੇਣਾ ਮੰਦਭਾਗਾ: ਗਿ. ਰਘਬੀਰ ਸਿੰਘ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)– ਗਿਆਨੀ ਰਘਬੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਪਹਿਲਾਂ ਪੰਜਾਬ ਸਰਕਾਰ ਨੇ ਬੇਕਸੂਰ ਨੌਜਵਾਨਾਂ ਨੂੰ ਸੰਗੀਨ ਧਾਰਾਵਾਂ ਲਗਾ ਕੇ ਆਸਾਮ ਦੀ ਡਿਬਰੂਗੜ੍ਹ ਜੇਲ ਵਿਚ ਬੰਦ ਕੀਤਾ ਤੇ ਹੁਣ ਸੋਸ਼ਲ ਮੀਡੀਆ ਅਤੇ ਸਮਾਚਾਰ ਪੱਤਰਾਂ ਰਾਹੀਂ ਪਤਾ ਲੱਗਾ ਹੈ ਕਿ ਉਨ੍ਹਾਂ ਨੌਜਵਾਨਾਂ ਨੂੰ ਆਟੇ ਵਿਚ ਤੰਬਾਕੂ ਗੁੰਨ੍ਹ ਕੇ ਪ੍ਰਸ਼ਾਦਾ ਦਿੱਤਾ ਜਾ ਰਿਹਾ ਹੈ, ਜੋ ਕਿ ਕੋਈ ਵੀ ਅੰਮ੍ਰਿਤਧਾਰੀ ਸਿੱਖ ਬਰਦਾਸ਼ਤ ਨਹੀਂ ਕਰ ਸਕਦਾ ਜਿਸ ਕਰਕੇ ਜੇਲ ਵਿਚ ਕੈਦ ਸਿੱਖਾਂ ਵੱਲੋਂ ਭੁੱਖ ਹੜਤਾਲ ਕੀਤੀ ਗਈ ਹੈ। ਸਿੱਖਾਂ ਨਾਲ ਅਜਿਹਾ ਵਰਤਾਰਾ ਕਰਨਾ ਬਹੁਤ ਹੀ ਮੰਦਭਾਗਾ ਹੈ। ਇਸ ਘਟਨਾ ਦੀ ਸਖਤ ਸ਼ਬਦਾਂ 'ਚ ਨਿਖੇਧੀ ਕਰਦਿਆਂ ਗਿਆਨੀ ਜੀ ਨੇ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਇਸ ਮਾਮਲੇ ਦੀ ਗਹਿਰਾਈ ਨਾਲ ਜਾਂਚ ਪੜਤਾਲ ਕਰੇ ਅਤੇ ਸਿੱਖ ਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ ਦੋਸ਼ੀਆਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇ।

ਉਨ੍ਹਾਂ ਇਹ ਵੀ ਕਿਹਾ ਕਿ ਜੇਲ ਵਿਚ ਭੁੱਖ ਹੜਤਾਲ ਕਰਨ ਵਾਲੇ ਨੌਜਵਾਨਾਂ ਲਈ ਸਾਫ-ਸੁਥਰਾ ਲੰਗਰ ਮੁਹੱਈਆ ਕਰਵਾਉਣ ਨੂੰ ਵੀ ਸਰਕਾਰ ਯਕੀਨੀ ਬਣਾਵੇ।

ਕੱਚੇ ਅਧਿਆਪਕਾਂ 'ਤੇ ਲਾਠੀਚਾਰਜ ਤੇ ਗ੍ਰਿਫ਼ਤਾਰ ਕਰਨ ਦੀ ਗੌਰਮਿੰਟ ਟੀਚਰਜ ਯੂਨੀਅਨ ਵੱਲੋਂ ਸਖ਼ਤ ਨਿਖੇਧੀ

ਫਿਲੌਰ (ਨਿਰਮਲ)– ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਨੇ ਸੰਗਰੂਰ ਵਿੱਚ ਅੰਦੋਲਨ ਕਰ ਰਹੇ ਕੱਚੇ ਅਧਿਆਪਕਾਂ 'ਤੇ ਭਾਰੀ ਲਾਠੀਚਾਰਜ ਤੇ 789 ਅਧਿਆਪਕਾਂ ਨੂੰ ਗ੍ਰਿਫ਼ਤਾਰ ਕਰਨ ਦੀ ਸਖ਼ਤ ਨਿਖੇਧੀ ਕੀਤੀ ਹੈ। ਇਸ ਅੰਦੋਲਨ ਵਿੱਚ ਸ਼ਾਮਲ ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਦੇ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ ਤੇ ਸਕੱਤਰ ਗੁਰਬਿੰਦਰ ਸਸਕੌਰ ਨੇ ਕਿਹਾ ਕਿ ਸ਼ਾਂਤਮਈ ਮੁਜਾਹਰਾ ਕਰ ਰਹੇ ਕੱਚੇ ਅਧਿਆਪਕਾਂ 'ਤੇ ਪੁਲਸ ਨੇ ਪੰਜਾਬ ਸਰਕਾਰ ਦੀ ਸ਼ਹਿ 'ਤੇ ਜਬਰ ਕੀਤਾ ਤੇ ਮਹਿਲਾ ਅਧਿਆਪਕਾਵਾਂ ਨੂੰ ਖੇਤਾਂ ਵਿੱਚ ਘਸੀਸਿਆ ਗਿਆ, ਮਰਦ ਅਧਿਆਪਕਾਂ ਦੀਆਂ ਦਸਤਾਰਾਂ ਤੱਕ ਲਾਹੀਆਂ ਗਈਆਂ ਜੋ ਕਿ ਅਤਿ ਨਿੰਦਣਯੋਗ ਵਰਤਾਰਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਲਾਠੀ, ਗੋਲ਼ੀ ਨਾਲ ਅੰਦੋਲਨ ਨੂੰ ਦਬਾਉਂਣਾ ਚਾਹੁੰਦੀ ਹੈ ਤੇ ਸਿਰਫ ਝੂਠੀ ਇਸਤਿਹਾਰਬਾਜ਼ੀ ਕਰਕੇ ਕੱਚੇ ਅਧਿਆਪਕਾਂ ਨੂੰ ਪੱਕੇ ਕਰਨ ਦਾ ਢੋਂਗ ਰੱਚ ਕੇ ਲੋਕਾਂ ਦੇ ਅੱਖਾਂ ਵਿੱਚ ਘੱਟਾ ਪਾਇਆ ਜਾ ਰਿਹਾ ਹੈ। ਉਨ੍ਹਾਂ ਇਸ ਸਮੇਂ ਮੰਗ ਕੀਤੀ ਕਿ ਕੱਚੇ ਅਧਿਆਪਕਾਂ ਨੂੰ ਪੂਰੇ ਲਾਭਾਂ ਤੇ ਭੱਤਿਆਂ ਸਮੇਤ ਪੱਕਾ ਕੀਤਾ ਜਾਵੇ ਤੇ ਅੰਦੋਲਨਕਾਰੀ ਅਧਿਆਪਕਾਂ ਨਾਲ ਗੱਲ ਕਰਕੇ ਮਸਲਾ ਹੱਲ ਕੀਤਾ ਜਾਵੇ। ਇਸ ਸਮੇਂ ਜਥੇਬੰਦੀ ਦੇ ਸੂਬਾਈ ਸਕੱਤਰ ਗੁਰਬਿੰਦਰ ਸਸਕੌਰ ਨੇ ਕਿਹਾ ਕਿ ਮਾਣਯੋਗ ਸੁਪਰੀਮ ਕੋਰਟ ਦੇ ਬਰਾਬਰ ਕੰਮ ਬਰਾਬਰ ਤਨਖ਼ਾਹ ਦੇ ਫੈਸਲੇ ਦੀ ਰੌਸ਼ਨੀ ਵਿੱਚ ਇਨ੍ਹਾਂ ਅਧਿਆਪਕਾਂ ਨੂੰ ਪੱਕਾ ਕੀਤਾ ਜਾਵੇ। ਇਸ ਸਮੇਂ ਜਥੇਬੰਦੀ ਦੇ ਵਿੱਤ ਸਕੱਤਰ ਅਮਨਦੀਪ ਸ਼ਰਮਾ, ਪ੍ਰੈਸ ਸਕੱਤਰ ਸੁਰਜੀਤ ਮੁਹਾਲੀ 'ਤੇ ਸਹਾਇਕ ਪ੍ਰੈੱਸ ਸਕੱਤਰ ਕਰਨੈਲ ਫਿਲੌਰ ਨੇ ਮੰਗ ਕੀਤੀ ਕਿ ਸੰਗਰੂਰ ਵਿਖੇ ਪਾਣੀ ਵਾਲੀ ਟੈਂਕੀ 'ਤੇ ਪੱਕੇ ਹੋਣ ਲਈ ਸੰਘਰਸ਼ ਕਰ ਰਹੇ 8736 ਅਧਿਆਪਕਾਂ ਤੇ ਮੁਲਾਜਮਾਂ ਨਾਲ ਰਾਬਤਾ ਕਰਕੇ ਉਨ੍ਹਾਂ ਨੂੰ ਰੈਗੂਲਰ ਕੀਤਾ ਜਾਵੇ। ਇਸ ਸਮੇਂ ਤੀਰਥ ਸਿੰਘ ਬਾਸੀ, ਕੁਲਦੀਪ ਸਿੰਘ ਦੌੜਕਾ, ਮੰਗਲ ਟਾਂਡਾ, ਮਨੋਹਰ ਲਾਲ ਸ਼ਰਮਾ, ਗੁਰਦੀਪ ਬਾਜਵਾ, ਬਲਵਿੰਦਰ ਸਿੰਘ ਭੁੱਟੋ, ਕੁਲਦੀਪ ਸਿੰਘ ਪੂਰੋਵਾਲ, ਗੁਰਪ੍ਰੀਤ ਅੰਮੀਵਾਲ਼, ਜੱਜਪਾਲ ਬਾਜੇਕੇ, ਹਰਿੰਦਰ ਬਰਨਾਲਾ, ਗੁਰਦਾਸ ਮਾਨਸਾ, ਸੁਭਾਸ਼ ਪਠਾਨਕੋਟ, ਸੁਖਚੈਨ ਕਪੂਰਥਲਾ, ਬੋਧ ਰਾਜ, ਪ੍ਰਭਜੀਤ ਸਿੰਘ ਰਸੂਲਪੁਰ, ਦੇਵੀ ਦਿਆਲ, ਸਤਵੰਤ ਸਿੰਘ, ਪੁਸ਼ਪਿੰਦਰ ਹਰਪਾਲਪੁਰ, ਜਗਜੀਤ ਸਿੰਘ ਮਾਨ, ਸੁੱਚਾ ਸਿੰਘ, ਪਰਮਜੀਤ ਸਿੰਘ ਸ਼ੇਰੇਵਾਲ, ਦਿਲਦਾਰ ਸਿੰਘ ਭੰਡਾਲ਼, ਮਨਜੀਤ ਬਰਾੜ, ਸਰਬਜੀਤ ਬਰਾੜ, ਰਵਿੰਦਰ ਸਿੰਘ ਪੱਪੀ, ਨਰਿੰਦਰ ਸਿੰਘ, ਦਿਲਬਾਗ ਸਿੰਘ ਆਦਿ ਹਾਜਰ ਸਨ।

ਅਧਿਆਪਕਾਂ ਤੇ ਕਿਸਾਨਾਂ ਉੱਪਰ ਲਾਠੀਚਾਰਜ ਖਿਲਾਫ਼ ਆਵਾਜ਼ ਬੁਲੰਦ ਕਰਨ ਦੀ ਲੋੜ: ਪਲਸ ਮੰਚ

ਜਲੰਧਰ (ਨਵਾਂ ਜ਼ਮਾਨਾ ਸਰਵਿਸ)– ਪੰਜਾਬ ਲੋਕ ਸੱਭਿਆਚਾਰਕ ਮੰਚ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਲਿਖਤੀ ਪ੍ਰੈਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਕੱਚੇ ਅਧਿਆਪਕ ਆਪਣੀ ਨੌਕਰੀ ਪੱਕੀ ਕਰਨ ਦੀ ਜਾਇਜ਼ ਮੰਗ ਲੈ ਕੇ ਸੰਗਰੂਰ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਆਪਣਾ ਦੁੱਖ ਦੱਸਣਾ ਚਾਹਿਆ ਤਾਂ ਅਧਿਆਪਕਾਂ ਦੀ ਗੱਲ ਸੁਣਨ ਦੀ ਬਜਾਏ ਉਹਨਾਂ ਦੇ ਸਿਰਾਂ ਵਿੱਚ ਡਾਂਗਾਂ ਜੜ ਦਿੱਤੀਆਂ। ਅਧਿਆਪਕਾਂ ਨੂੰ ਸਰੇਆਮ ਸੜਕਾਂ 'ਤੇ ਘਸੀਸਿਆ ਗਿਆ। ਕਿੰਨਿਆਂ ਦੇ

2-July-Page-7.qxd 7/1/2023 10:44 PM Page 1

ਪੰਜਾਬ ਦੇ ਖੇਡ ਮੰਤਰੀ ਨੇ ਬੀ ਸੀ ਸੀ ਆਈ ਨੂੰ ਫੈਸਲਾ ਮੁੜ ਵਿਚਾਰਨ ਲਈ ਕਿਹਾ

ਚੰਡੀਗੜ੍ਹ, (ਗੁਰਜੀਤ ਬਿੱਲਾ)-ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਕ੍ਰਿਕਟ ਵਿਸਵ ਕੱਪ-2023 ਲਈ ਪੀ.ਸੀ.ਏ. ਸਟੇਡੀਅਮ ਮੁਹਾਲੀ ਨੂੰ ਮੇਜਬਾਨ ਸੂਚੀ ਵਿੱਚ ਨਾ ਸ਼ਾਮਲ ਕਰਨ ਉਤੇ ਨਰਾਜਗੀ ਅਤੇ ਇਤਰਾਜ ਜਾਹਰ ਕਰਦਿਆਂ ਬੀ.ਸੀ.ਸੀ.ਆਈ. ਨੂੰ ਇਸ ਫੈਸਲੇ ਉਤੇ ਮੁੜ ਵਿਚਾਰਨ ਲਈ ਕਿਹਾ ਹੈ। ਮੀਤ ਹੇਅਰ ਨੇ ਬੀ.ਸੀ.ਸੀ.ਆਈ. ਦੇ ਪ੍ਰਧਾਨ ਰੋਜਰ ਬਿੰਨੀ ਤੇ ਸਕੱਤਰ ਜੈ ਸ਼ਾਹ ਨੂੰ ਪੱਤਰ ਲਿਖ ਕੇ ਪੰਜਾਬ ਦੇ ਅਮੀਰ ਵਿਰਸੇ, ਖੇਡਾਂ ਵਿੱਚ ਯੋਗਦਾਨ ਅਤੇ ਪੰਜਾਬ ਵੱਲੋਂ ਦੇਸ਼ ਨੂੰ ਦਿੱਤੇ ਮਹਾਨ ਕ੍ਰਿਕਟਰਾਂ ਦਾ ਦਿੱਤਾ ਹਵਾਲਾ ਦਿੰਦਿਆਂ ਮੁਹਾਲੀ ਵਿਖੇ ਮੈਚ ਕਰਵਾਉਣ ਦੀ ਮੰਗ ਕੀਤੀ ਗਈ ਹੈ। ਖੇਡ ਮੰਤਰੀ ਨੇ ਪੰਜਾਬ ਦੇ ਅਮੀਰ ਵਿਰਸੇ ਦੀ ਗੱਲ ਕਰਦਿਆਂ ਖੇਡਾਂ ਵਿੱਚ ਪੰਜਾਬ ਦੇ ਯੋਗਦਾਨ ਅਤੇ ਪੰਜਾਬ ਦੀ ਧਰਤੀ ਵੱਲੋਂ ਦੇਸ਼ ਨੂੰ ਦਿੱਤੇ ਮਹਾਨ ਕ੍ਰਿਕਟਰਾਂ ਦਾ ਹਵਾਲਾ ਦਿੰਦਿਆਂ ਪੱਤਰ ਵਿੱਚ ਲਿਖਿਆ, "ਪੰਜਾਬ ਆਪਣੀ ਵਿਲੱਖਣ ਬਹਾਦਰੀ, ਪ੍ਰਹੁਣਚਾਰੀ ਅਤੇ ਧਰਮ ਨਿਰਪੱਖ ਆਦਰਸ਼ਾਂ ਵਿੱਚ ਅਟੁੱਟ ਵਿਸ਼ਵਾਸ ਦੀਆਂ ਆਪਣੀਆਂ ਸਦੀਆਂ ਪੁਰਾਣੀਆਂ ਪਰੰਪਰਾਵਾਂ ਲਈ ਦੁਨੀਆ ਭਰ ਵਿੱਚ ਜਾਣਿਆ ਜਾਂਦਾ ਹੈ। ਗੁਰੂਆਂ, ਸੰਤਾਂ, ਦਾਰਸ਼ਨਿਕਾਂ ਅਤੇ ਕਵੀਆਂ ਵੱਲੋਂ ਬਖਸ਼ਿਸ਼ ਯੋਧਿਆਂ ਦੀ ਇਸ ਧਰਤੀ ਨੇ ਆਦਿ ਕਾਲ ਤੋਂ ਹੀ ਸ਼ਾਂਤੀ, ਦਇਆ, ਭਾਈਚਾਰਕ ਸਾਂਝ ਦੇ ਆਦਰਸ਼ਾਂ ਨੂੰ ਪਾਲਿਆ ਹੈ।" ਉਨ੍ਹਾਂ ਅੱਗੇ ਲਿਖਿਆ, "ਖੇਡਾਂ ਦੇ ਖੇਤਰ ਵਿੱਚ ਵੀ ਪੰਜਾਬ ਨੂੰ ਦੇਸ਼ ਦਾ ਮੋਹਰੀ ਅਤੇ ਝੰਡਾਬਰਦਾਰ ਹੋਣ ਦਾ ਮਾਣ ਹਾਸਲ ਹੈ। ਜਦੋਂ ਕੌਮੀ ਪੱਧਰ 'ਤੇ ਸਭ ਤੋਂ ਪਸੰਦੀਦਾ ਖੇਡ ਭਾਵ ਕ੍ਰਿਕਟ ਦੀ ਗੱਲ ਆਉਂਦੀ ਹੈ, ਤਾਂ ਪੰਜਾਬ ਨੇ ਕ੍ਰਿਕਟ ਜਗਤ ਨੂੰ ਲਾਲਾ ਅਮਰਨਾਥ, ਬਿਸ਼ਨ ਸਿੰਘ ਬੇਦੀ, ਮਹਿੰਦਰ ਅਮਰਨਾਥ, ਯਸ਼ਪਾਲ ਸ਼ਰਮਾ, ਮਦਨ ਲਾਲ, ਨਵਜੋਤ ਸਿੰਘ ਸਿੱਧੂ, ਹਰਭਜਨ ਸਿੰਘ, ਯੁਵਰਾਜ ਸਿੰਘ, ਰੀਤਇੰਦਰ ਸੋਢੀ, ਦਿਨੇਸ਼ ਮੋਂਗੀਆ, ਹਰਵਿੰਦਰ ਸਿੰਘ, ਵਿਕਰਮ ਰਾਠੌਰ, ਸ਼ਰਨਦੀਪ ਸਿੰਘ ਵਰਗੇ ਦਿੱਗਜ ਅਤੇ ਹਾਲ ਹੀ ਵਿੱਚ ਧੁੰਮਾਂ ਪਾਉਣ ਵਾਲੇ ਸ਼ੁੱਭਮਨ ਗਿੱਲ ਅਤੇ ਅਰਸ਼ਦੀਪ ਸਿੰਘ ਵਰਗੇ ਕ੍ਰਿਕਟਰ ਦਿੱਤੇ ਹਨ।" ਉਨ੍ਹਾਂ ਅੱਗੇ ਲਿਖਿਆ, "ਬੀ.ਸੀ.ਸੀ.ਆਈ. ਦੇ ਮੀਤ ਪ੍ਰਧਾਨ ਰਾਜੀਵ ਸ਼ੁਕਲਾ ਦੇ ਮੀਡੀਆ ਵਿੱਚ ਆਏ ਬਿਆਨ ਵਿੱਚ ਆਖਿਆ ਗਿਆ ਹੈ ਕਿ ਮੁਹਾਲੀ ਦਾ ਸਟੇਡੀਅਮ ਮੈਚ ਕਰਵਾਉਣ ਲਈ ਆਈ.ਸੀ.ਸੀ. ਦੇ ਮਾਪਦੰਡਾਂ ਉਤੇ ਖਰਾ ਨਹੀਂ ਉਤਰਦਾ। ਮੈਂ ਆਪ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਅਜਿਹੇ ਕਿਹੜੇ ਆਈ.ਸੀ.ਸੀ. ਦੇ ਮਾਪਦੰਡ ਹਨ ਜਿਨ੍ਹਾਂ ਦੇ ਆਧਾਰ ਉਤੇ ਮੈਚ ਲਈ ਮੁਹਾਲੀ ਅਯੋਗ ਹੈ। ਇਸ ਤੋਂ ਇਲਾਵਾ ਮਾਪਦੰਡਾਂ ਵਿੱਚ ਮੌਜੂਦਾ ਸਮੇਂ ਕੋਈ ਤਬਦੀਲੀ ਕੀਤੀ ਗਈ ਕਿਉਂਕਿ ਸਤੰਬਰ 2022 ਵਿੱਚ ਭਾਰਤ-ਆਸਟਰੇਲੀਆ ਮੈਚ ਖੇਡਿਆ ਗਿਆ। ਪਿਛਲੇ ਸਮੇਂ ਵਿੱਚ ਵਿਸ਼ਵ ਕੱਪ ਦੇ ਮੈਚ ਵੀ ਖੇਡੇ ਗਏ। ਇਹ ਵੀ ਦੱਸਿਆ ਜਾਵੇ ਕਿ ਕੀ ਆਈ.ਸੀ.ਸੀ. ਦੀ ਟੀਮ ਵੱਲੋਂ ਮਾਪਦੰਡ ਦੇਖਣ ਲਈ ਮੁਹਾਲੀ ਸਟੇਡੀਅਮ ਦਾ ਕੋਈ ਦੌਰਾ ਵੀ ਕੀਤਾ ਗਿਆ?" ਮੀਤ ਹੇਅਰ ਨੇ ਲਿਖਿਆ, "ਖੇਡਾਂ ਦੇ ਬੁਨਿਆਦੀ ਢਾਂਚੇ ਦੇ ਮਾਮਲੇ ਵਿੱਚ ਵੀ ਪੰਜਾਬ ਕੋਲ ਦੁਨੀਆ ਦੇ ਸਰਵੋਤਮ ਮੈਦਾਨ ਹਨ। ਮੁਹਾਲੀ ਦੇ ਆਈ.ਐਸ. ਬਿੰਦਰਾ ਪੰਜਾਬ ਕ੍ਰਿਕਟ ਐਸੋਸੀਏਸ਼ਨ (ਪੀ. ਸੀ. ਏ.) ਸਟੇਡੀਅਮ ਨੂੰ ਦੋ ਵਿਸ਼ਵ ਕੱਪ ਸੈਮੀਫਾਈਨਲ ਜਿਨ੍ਹਾਂ ਵਿੱਚ 1996 ਵਿਲਜ ਵਿਸ਼ਵ ਕੱਪ ਅਤੇ ਸਾਲ 2011 ਦੇ ਵਿਸ਼ਵ ਕੱਪ (ਦੋ ਲੀਗ ਮੁਕਾਬਲਿਆਂ ਤੋਂ ਇਲਾਵਾ) ਮੈਚਾਂ ਦੀ ਮੇਜਬਾਨੀ ਦੇ ਨਾਲ-ਨਾਲ 2016 ਵਿਸ਼ਵ ਕੱਪ ਟੀ-20 ਦੇ ਦੋ ਮੈਚਾਂ ਦੀ ਮੇਜਬਾਨੀ ਕਰਨ ਦਾ ਮਾਣ ਹਾਸਲ ਹੈ। ਪੰਜਾਬ ਅਤੇ ਇੱਥੋਂ ਦੇ ਕ੍ਰਿਕਟ ਪ੍ਰੇਮੀਆਂ ਨਾਲ ਹੋਏ ਵਿਤਕਰੇਬਾਜੀ ਦੀ ਗੱਲ ਕਰਦਿਆਂ ਪੰਜਾਬ ਦੇ ਖੇਡ ਮੰਤਰੀ ਨੇ ਬੀ.ਸੀ.ਸੀ.ਆਈ. ਦੇ ਪ੍ਰਧਾਨ ਨੂੰ ਮੁੜ ਵਿਚਾਰ ਕਰਕੇ ਮੁਹਾਲੀ ਵਿਖੇ ਵਿਸ਼ਵ ਕੱਪ ਦਾ ਮੈਚ ਅਲਾਟ ਕਰਨ ਦੀ ਮੰਗ ਰੱਖਦਿਆਂ ਪੱਤਰ ਵਿੱਚ ਲਿਖਿਆ, "ਹਾਲਾਂਕਿ ਇਸ ਸਾਲ ਅਕਤੂਬਰ ਅਤੇ ਨਵੰਬਰ ਵਿੱਚ ਹੋਣ ਵਾਲੇ ਆਈ.ਸੀ.ਸੀ. ਵਿਸ਼ਵ ਕੱਪ-2023 ਦੇ ਸ਼ਡਿਊਲ ਵਿੱਚ ਪੰਜਾਬ ਨੂੰ ਕੋਈ ਵੀ ਮੈਚ ਅਲਾਟ ਨਹੀਂ ਕੀਤਾ ਗਿਆ, ਜੋ ਨਿਰਪੱਖ ਫੈਸਲਾ ਨਹੀਂ ਹੈ। ਇਸ ਦਾ ਜਲਦ ਤੋਂ ਜਲਦ ਹੱਲ ਕਰਨ ਦੀ ਲੋੜ ਹੈ ਅਤੇ ਪੰਜਾਬ ਨਾਲ ਇਨਸਾਫ ਕਰਦੇ ਹੋਏ ਪੰਜਾਬ ਨੂੰ ਕੁਝ ਮੁਕਾਬਲੇ ਅਲਾਟ ਕੀਤੇ ਜਾਣ ਅਤੇ ਇਸ ਨੂੰ ਅੱਖੋਂ ਓਹਲੇ ਨਾ ਕੀਤਾ ਜਾਵੇ। ਮੈਨੂੰ ਪੂਰਾ ਭਰੋਸਾ ਹੈ ਕਿ ਇਸ ਮਾਮਲੇ ਵਿੱਚ ਪੰਜਾਬ ਨਾਲ ਨਿਆਂ ਕੀਤਾ ਜਾਵੇਗਾ।"

ਡੇਂਗੂ ਦੀ ਰੋਕਥਾਮ ਲਈ ਲਾਰਵੇਸਲਾਈਡ ਦਵਾਈ ਦਾ ਸਪਰੇਅ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)-ਡਾ: ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਸੀ.ਐਚ.ਸੀ ਚਮਕੌਰ ਸਾਹਿਬ ਵਿਖੇ ਮਲੇਰੀਆ ਤੇ ਡੇਂਗੂ ਦੀ ਰੋਕ-ਥਾਮ ਲਈ ਜਿਥੇ ਮੱਛਰ ਪੈਦਾ ਹੋ ਸਕਦਾ ਸੀ ਉਥੇ ਲਾਰਵੇਸਲਾਈਡ ਦਵਾਈ ਦਾ ਸਪਰੇਅ ਕੀਤਾ ਗਿਆ। ਇਸ ਮੌਕੇ ਤੇ ਸਿਹਤ ਵਿਭਾਗ ਚਮਕੌਰ ਸਾਹਿਬ ਦੀ ਟੀਮ ਵੱਲੋਂ ਜਿਥੇ ਪਾਣੀ ਖੜ੍ਹਾ ਸੀ ਉਥੇ ਵੀ ਲਾਰਵੇਸਾਈਡ ਦਵਾਈ ਦਾ ਛਿੜਕਾਅ ਗਿਆ। ਇਸ ਮੌਕੇ ਤੇ ਨਾਗਰ ਸਿੰਘ ਮਲਟੀਪਰਪਜ਼ ਹੈਲਥ ਸੁਪਰਵਾਈਜਰ ਨੇ ਕਿਹਾ ਕਿ ਉਹ ਹਫ਼ਤੇ ਵਿੱਚ ਇੱਕ ਵਾਰ ਘਰਾਂ ਵਿੱਚ ਪਏ ਕੂਲਰਾਂ, ਫਰਿਜਾਂ ਅਤੇ ਗਮਲਿਆਂ ਆਦਿ ਵਿੱਚ ਪਾਣੀ ਨੂੰ ਸਾਫ ਕੀਤਾ ਜਾਵੇ ਤਾਂ ਜੋ ਮੱਛਰ ਦਾ ਲਾਰਵਾ ਨਾ ਪਨਪ ਸਕੇ। ਇਸ ਮੌਕੇ ਤੇ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪ ਵੀ ਮਲੇਰੀਆ ਤੇ ਡੇਂਗੂ ਦੇ ਬਚਾਅ ਲਈ ਸਾਵਧਾਨੀਆਂ ਵਰਤਣ ਤਾਂ ਜੋ ਕੋਈ ਵੀ ਵਿਅਕਤੀ ਜਾ ਬੱਚਾ ਇਸ ਬੁਖਾਰ ਦੀ ਚਪੇਟ ਵਿੱਚ ਨਾ ਆਵੇ ਉਨ੍ਹਾਂ ਕਿਹਾ ਕਿ ਜਿਥੇ ਪਾਣੀ ਜਿਆਦਾ ਦੇਰ ਤੋਂ ਖੜਾ ਹੈ ਤੇ ਮੱਛਰ ਦਾ ਲਾਰਵਾ ਪੈਦਾ ਹੋ ਸਕਦਾ ਹੈ, ਉਥੇ ਕਾਲੇ ਤੇਲ ਦਾ ਛਿਕਾਅ ਕੀਤਾ ਜਾਵੇ। ਇਸ ਮੌਕੇ ਤੇ ਹਰਵਿੰਦਰ ਸਿੰਘ ਬੀ.ਈ.ਈ, ਦਵਿੰਦਰ ਸਿੰਘ ਐਸ.ਆਈ, ਹਰਵਿੰਦਰ ਸਿੰਘ ਬਰੀਡ ਚੈੱਕਰ ਅਤੇ ਚੰਦਰਿਕਾ ਠੇਕੇਦਾਰ ਹਾਜਰ ਸਨ।

ਆਈਸਕ੍ਰੀਮ ਪ੍ਰੇਮੀਆਂ ਲਈ ਪੀ ਪੀ ਆਰ ਬਣਿਆ ਇੱਕ ਨਵਾਂ ਆਕਰਸ਼ਣ

ਜਲੰਧਰ : ਪੀ.ਪੀ.ਆਰ ਮਾਲ ਮਿੱਠਾਪੁਰ ਰੋਡ ਜੋ ਕਿ ਸ਼ਹਿਰ ਵਾਸੀਆਂ ਲਈ ਇੱਕ ਪਰਿਵਾਰਕ ਪੁਆਇੰਟ ਹੈ ਜਿੱਥੇ ਪਰਿਵਾਰ ਆ ਕੇ ਖੇਡਾਂ, ਖਰੀਦਦਾਰੀ ਦਾ ਆਨੰਦ ਲੈ ਸਕਦੇ ਹਨ, ਨੇ ਅੱਜ ਪ੍ਰੀਮੀਅਮ ਆਈਸਕ੍ਰੀਮ ਬ੍ਰਾਂਡ "ਓਰੀਜਿਨਲ" ਲਾਂਚ ਕੀਤਾ ਹੈ। ਜਿਸ ਦਾ ਉਦਘਾਟਨ ਪੀਪੀਆਰ ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ, ਮੈਨੇਜਿੰਗ ਡਾਇਰੈਕਟਰ ਪ੍ਰਿੰਸ ਚੋਪੜਾ ਨੇ ਕੀਤਾ। ਪ੍ਰਿੰਸ ਚੋਪੜਾ ਨੇ ਸਾਰਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਅਤੇ ਸਾਰਿਆਂ ਨੂੰ ਮਾਲ ਦੇਖਣ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਇਸ ਆਈਸ ਕਰੀਮ ਪਾਰਲਰ ਵਿੱਚ ਜੈਲੇਟੋ, ਸ਼ਰਬਤ, ਸ਼ੇਕ, ਆਈਸਕ੍ਰੀਮ ਕੋਕ ਅਤੇ ਹੋਰ ਸਨੈਕਸ ਉਪਲਬਧ ਹੋਣਗੇ। ਗਰੁੱਪ ਦੀ ਇਹ ਹਮੇਸ਼ਾ ਕੋਸ਼ਿਸ਼ ਰਹੀ ਹੈ ਕਿ ਸ਼ਹਿਰ ਵਾਸੀਆਂ ਲਈ ਕੁਝ ਪਾਕੇਟ ਫ੍ਰੈਂਡਲੀ ਅਤੇ ਵਧੀਆ ਚੀਜ਼ਾਂ ਪੇਸ਼ ਕੀਤੀਆਂ ਜਾਣ। ਸ੍ਰੀ ਅਨਿਲ ਚੋਪੜਾ ਨੇ ਸਮੂਹ ਸਟਾਫ਼ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਸੀਂ ਮਾਲ ਨੂੰ ਫੈਮਿਲੀ ਮਾਲ ਬਣਾਉਣਾ ਚਾਹੁੰਦੇ ਸੀ, ਜਿਸ ਵਿੱਚ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਅਸੀਂ 100 ਫੀਸਦੀ ਕਾਮਯਾਬ ਹੋਏ ਹਾਂ। ਪੂਰਾ ਪਰਿਵਾਰ ਪੀਪੀਆਰ ਮਾਲ ਵਿਖੇ ਖੇਡਾਂ, ਖਰੀਦਦਾਰੀ, ਖਾਣ-ਪੀਣ ਅਤੇ ਪੀਣ ਦੇ ਨਾਲ ਇੱਕ ਸ਼ਾਨਦਾਰ ਦਿਨ ਬਿਤਾ ਸਕਦਾ ਹੈ। ਮੈਨੇਜਿੰਗ ਡਾਇਰੈਕਟਰ ਰਾਜਨ ਚੋਪੜਾ ਨੇ ਕਿਹਾ ਕਿ ਸਾਨੂੰ ਉਮੀਦ ਹੈ ਕਿ ਗਰੁੱਪ ਦੇ ਹੋਰ ਉੱਦਮਾਂ ਵਾਂਗ ਇਸ ਨੂੰ ਵੀ ਲੋਕਾਂ ਵੱਲੋਂ ਭਰਪੂਰ ਹੁੰਗਾਰਾ ਮਿਲੇਗਾ। ਜ਼ਿਕਰਯੋਗ ਹੈ ਕਿ ਰਿਲਾਇੰਸ ਟਰੈਂਡਸ, ਪੀਜ਼ਾ ਹੱਟ, ਗੇਮ ਆਨ ਇੰਡੀਆ ਆਦਿ ਨੂੰ ਕਾਫੀ ਪਿਆਰ ਮਿਲ ਰਿਹਾ ਹੈ। ਇਸ ਤੋਂ ਇਲਾਵਾ, ਹੋਰ ਬ੍ਰਾਂਡ ਸਟੋਰ ਭਵਿੱਖ ਵਿੱਚ ਜਲਦੀ ਹੀ ਖੁੱਲਣ ਜਾ ਰਹੇ ਹਨ ਜਿਸ ਵਿੱਚ ਕੋਸਟਾ ਕੌਫੀ, ਰੀਗਲਸ (ਸਭ ਲਈ ਕੰਮ ਕਰਨ ਵਾਲੀ ਥਾਂ), ਰੋਡੀਜ਼ ਕੈਫੇ, ਦਿ ਟਰੇਸ, ਬੈਂਕੁਏਟ ਹਾਲ, ਗੈਪ, ਸ਼ੂ ਟ੍ਰੀ, ਆਦਿ ਸ਼ਾਮਲ ਹਨ।

ਠੰਢੇ-ਮਿੱਠੇ ਜਲ ਦੀ ਲਗਾਈ ਛਬੀਲ

ਅੱਡਾ ਸਰਾਂ (ਜਸਵੀਰ ਕਾਜਲ)-ਪਿੰਡ ਕੰਧਾਲਾ ਜੱਟਾਂ ਵਿਚ ਸਥਿਤ 108 ਸੰਤ ਬਾਬਾ ਨਰਾਇਣ ਦਾਸ ਜੀ ਦੀ ਬਰਸੀ ਸਮਾਗਮ ਦੇ ਸਬੰਧ ਵਿਚ ਡਾ. ਅੰਬੇਡਕਰ ਯੂਥ ਕਲੱਬ ਅਤੇ ਸਮੂਹ ਨਗਰ ਦੇ ਨੌਜਵਾਨਾਂ ਵੱਲੋਂ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ । ਇਸ ਮੌਕੇ ਕਲੱਬ ਪ੍ਰਧਾਨ ਜਸਵੀਰ ਸਿੰਘ ਲੱਕੀ,ਸਿਮਰਨ,ਕੁਲਬੰਤ ਕਾਂਤੀ, ਅਮਰਜੀਤ ਸਿੰਘ ਹੀਰ ,ਚਮਨਪ੍ਰੀਤ ਸਿੰਘ ,ਮਨਦੀਪ, ਸਹਿਜਪ੍ਰੀਤ ,ਕੁਲਵੰਤ ਸਿੰਘ, ਜਸਬੰਤ ਸਿੰਘ ,ਜਸਬੀਰ ਨਿੱਕਾ , ਜਸਕਰਨ, ਜਸਪਰੀਤ ਸਿੰਘ ਪਵਿੱਤਰ ਸਿੰਘ, ਪ੍ਰੀਤ, ਹਰਪ੍ਰੀਤ ਸਿੰਘ ,ਸੋਨੂ , ਸੁੱਖੀ,ਹਰਨੇਕ ਸਿੰਘ ਰੋਹਨ ,ਸੁੱਖਾ,ਬਲਵੰਤ ਸਿੰਘ ,ਮਨਿੰਦਰ ਸਿੰਘ ,ਜਸਕਰਨ , ਰਾਜਾ,ਗੁਰਪ੍ਰੀਤ ਸਿੰਘ ,ਆਪ ਬਹੁਤ ਸਾਰੇ ਨੌਜਵਾਨ ਹਾਜ਼ਰ ਸਨ ।

15 ਲੋੜਵੰਦ ਪਰਵਾਰਾਂ ਨੂੰ ਮੁਫਤ ਰਾਸ਼ਨ ਵੰਡਿਆ

ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ) ਮਹਾਰਾਜ ਰਣਜੀਤ ਸਿੰਘ ਵੈਲਫੇਅਰ ਐਂਡ ਐਜੂਕੇਸ਼ਨ ਸੋਸਾਇਟੀ ਚਾਚੇਕੀ ਫਗਵਾੜਾ ਰਜਿ: ਵਲੋਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਦੇ ਸਬੰਧ ਵਿੱਚ 15 ਲੋੜਵੰਦ ਪਰਵਾਰਾਂ ਨੂੰ ਮੁਫਤ ਰਾਸ਼ਨ ਵੰਡਿਆ ਗਿਆ। ਇਸ ਮੌਕੇ ਤਲਵਿੰਦਰ ਸਿੰਘ ਬਸਰਾ, ਜਸਕਰਨ ਰਾਏ ਜੱਸੀ ਨੇ ਮਨੋਹਰ ਸਿੰਘ ਨੇ ਕਿਹਾ ਕਿ ਸਾਨੂੰ ਮਹਾਰਾਜਾ ਰਣਜੀਤ ਸਿੰਘ ਤੋਂ ਸੇਧ ਲੈ ਕੇ ਮਾਨਵਤਾ ਦੀ ਸੇਵਾ ਕਰਨੀ ਚਾਹੀਦੀ ਹੈ। ਇਸ ਮੌਕੇ ਭਗਤ ਰਾਮ,ਸੁਲਤਾਨ ਸਿੰਘ, ਤਰਲੋਚਨ ਸਿੰਘ , ਜਸਵਿੰਦਰ ਢੱਡਾ ਸਮਾਜ ਸੇਵਕ, ਸੁਖਵੀਰ ਸਿੰਘ ਆਦਿ ਹਾਜ਼ਰ ਸਨ।

ਦੋ ਭਗੌੜੇ ਸਕੇ ਭਰਾ ਗ੍ਰਿਫ਼ਤਾਰ

ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ)- ਪਿੰਡ ਮੇਹਟੀਆਣਾ ਦੇ ਵੱਖ ਵੱਖ ਕੇਸਾਂ 'ਚ ਭਗੌੜੇ ਦੋ ਸਕੇ ਭਰਾਵਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ । ਥਾਣਾ ਮੇਹਟੀਆਣਾ ਦੀ ਐਸ ਐਚ ਓ ਆਈ ਪੀ ਐਸ ਮੈਡਮ ਅਕਾਰਸੀ ਜੈਨ ਦੇ ਦਿਸ਼ਾ ਨਿਰਦੇਸ਼ਾਂ ਤੇ ਐਸ ਆਈ ਜਗਜੀਤ ਸਿੰਘ ਦੀ ਅਗਵਾਈ ਵਿੱਚ ਪੁਲਸ ਪਾਰਟੀ ਨੇ ਚੈਕਿੰਗ ਦੌਰਾਨ ਦੋ ਭਗੌੜਿਆਂ ਹਰਿੰਦਰ ਸਿੰਘ ਤੇ ਸੁਰਿੰਦਰ ਸਿੰਘ ਪੁੱਤਰ ਸਵ. ਸੁਰਿੰਦਰ ਸਿੰਘ ਵਾਸੀ ਮੇਹਟੀਆਣਾ ਨੂੰ ਕ੍ਰਮਵਾਰ ਮੁਕੱਦਮਾ ਨੰ 28 ਮਿਤੀ 04-04- 2020 ਅ/ਧ 188/269/ਆਈ ਪੀ ਸੀ ਅਤੇ ਮੁਕੱਦਮਾ ਨੰ 31.ਮਿਤੀ 30-03-2019 ਅ/ਧ 452,323,506,34 ਭ/ਦ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ।

ਰੇਹੜਾ ਯੂਨੀਅਨ ਨੇ ਮੰਗਾਂ ਸਬੰਧੀ ਆਪ ਆਗੂਆਂ ਨੂੰ ਦਿੱਤਾ ਮੰਗ ਪੱਤਰ

ਫਿਲੌਰ (ਨਿਰਮਲ)- ਬੀਤੇ ਲੰਮੇਂ ਸਮੇਂ ਤੋਂ ਰੇਹੜਾ ਯੂਨੀਅਨ ਫਿਲੌਰ ਵਾਲਿਆਂ ਨੂੰ ਸ਼ਹਿਰ ਵਿੱਚ ਕੰਮ ਕਰਨ ਨੂੰ ਲੈ ਕੇ ਪ੍ਰੇਸ਼ਾਨੀਆਂ ਆ ਰਹੀਆਂ ਸਨ। ਜਿਨ੍ਹਾਂ ਵੱਲੋਂ ਆਪਣੀਆਂ ਮੰਗਾਂ ਸਬੰਧੀ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਜਿੰਦਰ ਸੰਧੂ ਅਤੇ ਵਰਿੰਦਰ ਸਿੰਘ ਸੈਣੀ ਨੂੰ ਮੰਗ ਪੱਤਰ ਦਿੱਤਾ। ਜਿਸ ਵਿੱਚ ਉਨ੍ਹਾਂ ਮੰਗ ਕੀਤੀ ਕਿ ਆਰ.ਟੀ.ਓ ਵਿਭਾਗ ਦੇ ਕਰਮਚਾਰੀ ਬਿਨਾਂ ਗੱਲ ਤੋਂ ਚਲਾਨ ਕਰ ਦਿੰਦੇ ਹਨ ਅਤੇ ਇਸ ਨਾਲ ਸਬੰਧਤ ਕਰਮਚਾਰੀ ਤੰਗ ਪ੍ਰੇਸ਼ਾਨ ਕਰਦੇ ਹਨ। ਉਨ੍ਹਾਂ ਮੰਗ ਕੀਤੀ ਕਿ ਸਾਨੂੰ ਆਪਣਾ ਕੰਮ ਕਰਨ ਦਿੱਤਾ ਜਾਵੇ ਅਤੇ ਖੱਜਲ ਖੁਆਰ ਨਾ ਕੀਤਾ ਜਾਵੇ। ਇਸ ਮੌਕੇ ਰਜਿੰਦਰ ਸੰਧੂ ਅਤੇ ਵਰਿੰਦਰ ਸਿੰਘ ਸੈਣੀ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਇਹ ਮੰਗਾਂ ਸਬੰਧਿਤ ਮਹਿਕਮੇ ਦੇ ਅਧਿਕਾਰੀਆਂ ਦੇ ਧਿਆਨ 'ਚ ਲਿਆ ਕੇ ਢੁੱਕਵਾਂ ਹੱਲ ਕੀਤਾ ਜਾਵੇਗਾ। ਮੰਗ ਪੱਤਰ ਦੇਣ ਮੌਕੇ ਸਤਨਾਮ ਸਿੰਘ, ਹੰਸ ਰਾਜ, ਬਲਵੀਰ ਰਾਮ, ਜਸਵੰਤ ਰਾਏ, ਹਰੀ ਕ੍ਰਿਸਨ, ਬਿੰਦਰ, ਰਣਜੀਤ ਸਿੰਘ, ਗੁਰਵਿੰਦਰ ਸਿੰਘ, ਰਸ਼ਪਾਲ ਸਿੰਘ, ਹਰਮੇਸ਼, ਜਸਵਿੰਦਰ, ਵਿਨੋਦ ਅਤੇ ਹੋਰ ਹਾਜਰ ਸਨ।

ਬਿਰਧ ਆਸ਼ਰਮ ਵਿਖੇ ਪ੍ਰਵਾਸੀ ਭਾਰਤੀ ਨੇ 8 ਲੱਖ ਦੀ ਲਾਗਤ ਨਾਲ ਸੋਲਰ ਸਿਸਟਮ ਲਗਵਾਇਆ

ਅੱਡਾ ਸਰਾਂ, (ਕਾਜਲ)- ਸਮਾਜ ਸੇਵੀ ਪ੍ਰਵਾਸੀ ਭਾਰਤੀ ਜਵਾਹਰ ਸਿੰਘ ਪੱਡਾ ਕਨੇਡਾ, ਹਰਜਿੰਦਰ ਸਿੰਘ ਪੱਡਾ ਕਨੇਡਾ ਤੇ ਸੁਖਵਿੰਦਰ ਸਿੰਘ ਪੱਡਾ ਕਨੇਡਾ ਵੱਲੋਂ ਪਿੰਡ ਦੇਹਰੀਵਾਲ ਵਿਖੇ ਚਲਾਏ ਜਾ ਰਹੇ ਗੁਰੂ ਨਾਨਕ ਬਿਰਧ ਆਸ਼ਰਮ ਵਿੱਚ ਪ੍ਰਵਾਸੀ ਭਾਰਤੀ ਨੇ ਬੇਸ

2-July-Page-12.qxd 7/1/2023 10:45 PM Page 1

ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਡੀ ਸੀ ਦਫਤਰ ਮੂਹਰੇ ਧਰਨਾ ਪ੍ਰਦਰਸ਼ਨ 21 ਨੂੰ

ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)—ਪੇਂਡੂ ਮਜਦੂਰ ਯੂਨੀਅਨ ਪੰਜਾਬ ਵਲੋਂ ਪੇਂਡੂ ਮਜਦੂਰਾਂ ਦੀ ਜ਼ਿਲ੍ਹਾ ਪੱਧਰੀ ਭਰਵੀਂ ਮੀਟਿੰਗ ਕੀਤੀ ਗਈ। ਜਿਸ ਵਿੱਚ 30 ਪਿੰਡਾਂ ਦੇ ਮਜਦੂਰ ਮਰਦ ਔਰਤਾਂ ਨੇ ਸ਼ਮੂਲੀਅਤ ਕੀਤੀ। ਵਿਚਾਰ ਚਰਚਾ ਉਪਰੰਤ ਮਜਦੂਰਾਂ ਦੇ ਜਮੀਨ, ਦਿਹਾੜੀ, ਕਰਜਾ ਮੁਆਫੀ ਅਤੇ ਸਮਾਜਿਕ ਜਬਰ ਦੇ ਖਾਤਮੇ ਵਰਗੇ ਬੁਨਿਆਦੀ ਮੁੱਦਿਆਂ ਉੱਪਰ ਪਿੰਡ ਪੱਧਰੀ ਘੋਲ ਚਲਾਉਣ ਲਈ ਸੰਘਰਸ ਕਮੇਟੀ ਦਾ ਗਠਨ ਕੀਤਾ ਗਿਆ। ਕਮੇਟੀ ਦੇ ਕਨਵੀਨਰ ਬਗੀਚਾ ਸਿੰਘ ਸਹੂੰਗੜਾ ਨੂੰ ਬਣਾਇਆ ਗਿਆ। ਮੀਟਿੰਗ ਵਿੱਚ ਮੰਗਾਂ ਮਸਲਿਆਂ ਦੇ ਹੱਲ ਲਈ 21 ਜੁਲਾਈ ਨੂੰ ਡੀ ਸੀ ਦਫਤਰ ਅੱਗੇ ਧਰਨਾ ਪ੍ਰਦਰਸ਼ਨ ਕਰਨ ਦਾ ਫੈਸਲਾ ਕੀਤਾ ਗਿਆ। ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ, ਸੂਬਾ ਆਗੂ ਕਮਲਜੀਤ ਸਨਾਵਾ, ਹਰੀ ਰਾਮ ਰਸੂਲਪੁਰੀ, ਅਸੋਕ ਕਲਾਰ ਨੇ ਕਿਹਾ ਕਿ ਗਾਰੰਟੀਆਂ ਦਾ ਲਾਰਾ ਲਾ ਕੇ ਸੱਤਾ ਵਿੱਚ ਆਈ ਭਗਵੰਤ ਮਾਨ ਸਰਕਾਰ ਪਹਿਲੀਆਂ ਸਰਕਾਰਾਂ ਵਾਂਗ ਹੀ ਮਜਦੂਰ ਵਿਰੋਧੀ ਨੀਤੀਆਂ ਲਾਗੂ ਕਰਨ ਦੇ ਰਾਹ ਪਈ ਹੋਈ ਹੈ। ਉਨ੍ਹਾਂ ਕਿਹਾ ਕਿ ਦਿੱਲੀ ਮਾਡਲ ਲਿਆਉਣ ਦੀਆਂ ਟਾਹਰਾਂ ਮਾਰਨ ਵਾਲੀ ਝਾੜੂ ਪਾਰਟੀ ਦੀ ਸਰਕਾਰ ਲੈਂਡ ਸੀਲਿੰਗ ਐਕਟ ਤੋਂ ਵਾਧੂ ਜਮੀਨਾਂ ਬੇਜਮੀਨੇ ਮਜਦੂਰਾਂ ਤੇ ਕਿਸਾਨਾਂ ਨੂੰ ਵੰਡਣ, ਪੰਚਾਇਤੀ ਜਮੀਨ ਚੋਂ ਦਲਿਤਾਂ ਨੂੰ ਰਾਖਵੇਂ ਤੀਜੇ ਹਿੱਸੇ ਦਾ ਹੱਕ ਦੇਣ, ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਮਾਲਕੀ ਹੱਕ ਦੇਣ, ਲੋੜਵੰਦ ਪਰਵਾਰਾਂ ਨੂੰ ਰਿਹਾਇਸ਼ੀ ਪਲਾਟ ਦੇਣ,ਆਲ ਇੰਡੀਆ ਲੇਬਰ ਕਾਨਫਰੰਸ ਮੁਤਾਬਕ ਮਗਨਰੇਗਾ ਸਮੇਤ ਹਰ ਖੇਤਰ ਵਿੱਚ ਮਹਿੰਗਾਈ ਅਨੁਸਾਰ ਮਜਦੂਰਾਂ ਦੀ ਦਿਹਾੜੀ 1000 ਰੁਪਏ ਕਰਨ, ਸਮਾਜਿਕ ਜਬਰ ਦਾ ਖਾਤਮਾ ਕਰਨ ਲਈ ਤਿਆਰ ਨਹੀਂ। ਉਨ੍ਹਾਂ ਆਮ ਲੋਕਾਂ ਦੇ ਕੱਟੇ ਨੀਲੇ ਕਾਰਡ ਬਹਾਲ ਕਰਨ ਅਤੇ ਦੂਰ ਦੁਰਾਡੇ ਕੰਮ ਕਰਦੇ ਮਗਨਰੇਗਾ ਵਰਕਰਾਂ ਨੂੰ ਕਿਰਾਇਆਂ ਦੇਣ ਅਤੇ ਭ੍ਰਿਸ਼ਟਾਚਾਰ ਖਤਮ ਕਰਨ ਦੀ ਮੰਗ ਵੀ ਕੀਤੀ। ਉਨ੍ਹਾਂ ਕਿਹਾ ਕਿ ਮਜਦੂਰਾਂ ਦੇ ਬੁਨਿਆਦੀ ਮਸਲਿਆਂ ਦੇ ਹੱਲ ਲਈ ਜ਼ਿਲ੍ਹੇ ਭਰ ਮੁਹਿੰਮ ਸ਼ੁਰੂ ਕੀਤੀ ਜਾਵੇਗੀ ਅਤੇ ਪਿੰਡ ਪਿੰਡ ਘੋਲ ਚਲਾਇਆ ਜਾਵੇਗਾ।

ਚੇਨ ਸਨੈਚਰ ਔਰਤਾਂ ਗ੍ਰਿਫਤਾਰ

ਕਾਲਾ ਸੰਘਿਆਂ (ਮਨਜੀਤ ਮਾਨ) ਥਾਣਾ ਸਿਟੀ ਨਕੋਦਰ ਦੀ ਪੁਲਸ ਨੇ 3 ਚੇਨ ਸਨੈਚਰ ਔਰਤਾਂ ਨੂੰ ਗ੍ਰਿਫਤਾਰ ਕੀਤਾ ਹੈ। ਇੰਸਪੈਕਟਰ ਬਲਜੀਤ ਸਿੰਘ ਮੁੱਖ ਅਫਸਰ ਥਾਣਾ ਸਿਟੀ ਨਕੋਦਰ ਨੇ ਦੱਸਿਆ ਕਿ ਬੀਤੇ ਦਿਨੀਂ ਏ.ਐਸ.ਆਈ ਕੁਲਵਿੰਦਰ ਸਿੰਘ, ਪੁਸ਼ਪਿੰਦਰ ਸਿੰਘ ਅਤੇ ਸਮੇਤ ਮਹਿਲਾ ਕਰਮਚਾਰੀਆਂ ਦੇ ਗਸ਼ਤ ਪਰ ਸੀ ਤਾਂ ਸ਼ਕਤੀ ਦੇਵੀ ਪਤਨੀ ਮਨੋਹਰ ਲਾਲ ਵਾਸੀ ਅਖਨੂਰ ਜ਼ਿਲ੍ਹਾ ਜੰਮੂ ਨੇ ਆਪਣਾ ਬਿਆਨ ਲਿਖਾਇਆ ਸੀ ਕਿ ਉਹ ਸਮੇਤ ਆਪਣੇ ਪਰਵਾਰ ਨਾਲ ਨਕੋਦਰ ਵਿੱਖੇ ਧਾਰਮਿਕ ਸਥਾਨ 'ਤੇ ਮੱਥਾ ਟੇਕਣ ਆਈ ਸੀ, ਜਿੱਥੇ ਸੱਤਿਆ ਉਰਫ ਸੁਰਜੀਤੋ ਪਤਨੀ ਕਾਲਾ ਵਾਸੀ ਪਿੰਡ ਲੰਗੜੋਈ ਜ਼ਿਲ੍ਹਾ ਪਟਿਆਲਾ, ਗੋਮਾ ਉਰਫ ਗੋਮੋ ਪਤਨੀ ਕਾਕਾ ਉਰਫ ਬਲਕਾਰ ਸਿੰਘ ਪੁੱਤਰੀ ਜੋਰਾ ਸਿੰਘ ਵਾਸੀ ਸ਼ੇਰ ਮਾਜਰਾ ਹਾਲ ਵਾਸੀ ਪਿੰਡ ਲੰਗੜੋਈ ਜ਼ਿਲ੍ਹਾ ਪਟਿਆਲਾ ਅਤੇ ਟੇਤ ਕੌਰ ਉਰਫ ਗਰੇਜੋ ਪਤਨੀ ਚਰਨ ਸਿੰਘ ਵਾਸੀ ਪਿੰਡ ਖੇੜੀ ਗਿੱਲਾ ਜ਼ਿਲ੍ਹਾ ਸੰਗਰੂਰ ਨੇ ਉਸ ਦੇ ਗੱਲ ਵਿੱਚ ਪਾਈ ਸੋਨੇ ਦੀ ਚੇਨ ਖੋਹ ਕੀਤੀ। ਸ਼ਕਤੀ ਦੇਵੀ ਦੇ ਬਿਆਨ ਤੇ ਉਕਤ ਮੁਕੱਦਮਾ ਨੰਬਰ 74 ਮਿਤੀ 29.06.2023 ਅ/ਧ 379-ਬੀ,511,34 ਭ:ਦ: ਥਾਣਾ ਸਿਟੀ ਨਕੋਦਰ ਦਰਜ ਕਰਕੇ ਉਕਤ ਤਿੰਨਾਂ ਚੇਨ ਸਨੈਚਰ ਔਰਤਾਂ ਨੂੰ ਗ੍ਰਿਫਤਾਰ ਕਰ ਲਿਆ ਹੈ।

ਤੀਆਂ ਬਰਮਿੰਗਮ ਦਾ ਦਸਵਾਂ ਮੇਲਾ ਧੂਮਧਾਮ ਨਾਲ ਮਨਾਇਆ

ਜਲੰਧਰ (ਕੇਸਰ)—ਤੀਆਂ ਬਰਮਿੰਗਮ ਦਾ ਦਸਵਾਂ ਮੇਲਾ (2023) ਇਸ ਵਾਰ ਕੈਸਲ ਹਿੱਲ ਬੈਨਕੁਟਿੰਗ ਸਵੀਟ ਹਾਲ ਵਿਚ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਹ ਮੇਲਾ ਰਿੰਕਲ ਸ਼ੇਰਗਿੱਲ ਨੇ ਆਪਣੀ ਸਹਿਯੋਗੀ ਟੀਮ ਨਾਲ ਮਿਲਕੇ ਕਰਵਾਇਆ। ਇਹ ਮੇਲਾ ਪੰਜਾਬੀ ਵਿਰਸੇ, ਭਾਸ਼ਾ ਤੇ ਸਭਿਆਚਾਰ ਨੂੰ ਬਦੇਸ਼ ਵਿਚ ਵੱਸਦੇ ਪੰਜਾਬੀਆਂ ਵਿਚ ਪ੍ਰਫੁੱਲਤ ਕਰਕੇ ਉਨ੍ਹਾਂ ਨੂੰ ਨਾਲ ਜੋੜੀ ਰੱਖਣ ਦੇ ਨਜ਼ਰੀਏ ਤੋਂ ਕੀਤਾ ਜਾਂਦਾ ਹੈ। ਇਸ ਮੇਲੇ ਵਿਚ ਮੁੱਖ ਮਹਿਮਾਨ ਵਜੋਂ ਨੂਰ ਜ਼ੋਰਾ, ਲੋਕ ਰੰਗ ਗਰੁੱਪ, ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਸਨ। ਬਰਮਿੰਗਿਮ ਤੋਂ ਐਮ.ਪੀ. ਪਰੀਤ ਗਿੱਲ ਨੇ ਵਿਸ਼ੇਸ਼ ਤੌਰ 'ਤੇ ਮੇਲੇ ਵਿਚ ਸ਼ਿਰਕਤ ਕੀਤੀ। ਬਹੁਤ ਸਾਰੇ ਸਥਾਨਕ ਕੌਂਸਲਰਾਂ ਨੇ ਵੀ ਮੇਲੇ ਦਾ ਆਨੰਦ ਮਾਨਿਆ। ਮਲੇਸ਼ੀਆ ਤੋਂ ਇੰਗਲੈਂਡ ਫੇਰੀ ਤੇ ਆਏ ਭੰਗੜਾ ਗਰੁੱਪ ਦੇ ਕੁਝ ਪੰਜਾਬੀ ਗੱਭਰੂਆਂ ਨੇ ਮੇਲੇ ਵਿਚ ਸ਼ਾਮਲ ਹੋ ਕੇ ਮੇਲੇ ਵਿਚ ਵੱਖਰਾ ਰੰਗ ਭਰਿਆ।

ਪੰਜਾਬੀ ਸਭਿਆਚਾਰ ਦੇ ਵੱਖ ਵੱਖ ਪਹਿਲੂਆਂ ਨੂੰ ਦਰਸਾਉਂਦੀ ਸੱਜ ਸਜਾਵਟ ਦਾ ਕੰਮ ਨੀਸ ਡੈਕੋਰੇਸ਼ਨ ਦੀ ਟੀਮ ਵਲੋਂ ਕੀਤਾ ਗਿਆ। ਪੰਜਾਬੀ ਸਭਿਆਚਾਰ ਦੀ ਪੇਸ਼ਕਾਰੀ ਦਾ ਅਨੰਦ ਮਾਨਣ ਲਈ ਮੁਟਿਆਰਾਂ ਅਤੇ ਔਰਤਾਂ ਪੰਜਾਬੀ ਪਹਿਰਾਵੇ ਵਿਚ ਸੱਜ ਧਜ ਕੇ ਵੱਡੀ ਗਿਣਤੀ ਵਿਚ ਪਹੁੰਚ ਗਈਆਂ। ਮੇਲੇ ਦਾ ਆਗਾਜ਼ ਬੜੇ ਧੂੰਮ ਧੜੱਕੇ ਨਾਲ ਹੋਇਆ। ਇਕ ਪਾਸੇ ਨੂਰ ਜ਼ੋਰਾ ਦੀਆਂ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀਆਂ ਬੋਲੀਆਂ ਤੇ ਦੂਜੇ ਪਾਸੇ ਢੋਲ ਦੇ ਡਗੇ 'ਤੇ ਪੰਜਾਬਣਾਂ ਦੇ ਪੈਰ ਥਿਰਕਣ ਲੱਗ ਪਏ। ਬਸ ਫੇਰ ਕੀ ਸੀ ਨੂਰ ਜ਼ੋਰਾ ਸਮੇਤ ਪੰਜਾਬਣਾਂ ਨੇ ਗਿੱਧੇ ਵਿਚ ਧਮਾਲਾਂ ਪਾ ਦਿੱਤੀਆਂ। ਹੁਣ ਪੰਜਾਬਣਾਂ ਦਾ ਜੋ ਉਤਸ਼ਾਹ ਤੇ ਜੋਸ਼ ਵੱਧਦਾ ਹੀ ਜਾ ਰਿਹਾ ਸੀ ਪਰ ਸਮਾਗਮ ਦਾ ਨਿਸ਼ਚਿਤ ਸਮਾਂ ਮੁੱਕਦਾ ਜਾ ਰਿਹਾ ਸੀ। ਤੀਆਂ ਦਾ ਤਿਉਹਾਰ ਪੰਜਾਬਣਾਂ ਨੂੰ ਆਪਣੀ ਭਾਸ਼ਾ, ਸਭਿਆਚਾਰ ਤੇ ਵਿਰਸੇ ਨਾਲ ਜੁੜੇ ਰਹਿਣ ਦੇ ਸੰਦੇਸ਼ ਨਾਲ ਸਮਾਪਤ ਹੋ ਗਿਆ। ਮੇਲਾ ਟੀਮ ਵਲੋਂ ਸਭ ਦੇ ਖਾਣ ਦਾ ਵਧੀਆ ਪ੍ਰਬੰਧ ਕੀਤਾ ਗਿਆ ਸੀ। ਇਸ ਮੇਲੇ ਨੂੰ ਸਥਾਈ ਤੌਰ 'ਤੇ ਫੋਟੋਗਰਾਫੀ ਤੇ ਵੀਡਿਉ ਰਿਕਾਰਡਿੰਗ ਕਰਕੇ ਸਾਂਭਣ ਦੀ ਜ਼ਿੰਮੇਵਾਰੀ ਪੰਜਾਬ 2000 ਅਤੇ ਯੂ.ਕੇ ਮੀਡੀਆ ਹੱਬ ਨੇ ਬਾਖੂਬੀ ਨਿਭਾਈ। ਸਿਮਰਨ ਨੇ ਸੂਟਾਂ ਅਤੇ ਨੀਤੂ ਸੰਧੂ ਨੇ ਜਿਊਲਰੀ ਦੇ ਸਟਾਲ ਔਰਤਾਂ ਲਈ ਖਰੀਦੋ ਫਰੋਖਤ ਦੇ ਕੇਂਦਰ ਬਿੰਦੂ ਬਣੇ ਰਹੇ।

ਟੂਟੋਮਜਾਰਾ ਰੋਡ 'ਤੇ ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ

ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)— ਪਿੰਡ ਮੁੱਗੋਵਾਲ ਦੀਆਂ ਸਮੂੰਹ ਸੰਗਤਾਂ ਨੇ ਇਕੱਤਰ ਹੋ ਕੇ ਪੰਜਵੇਂ ਪਾਤਸਾਹ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ , ਮਹਾਂਸਤੀ ਦਾਦੀ ਰਾਣੀ ਅਤੇ ਹੋਰ ਸਮੂੰਹ ਸੰਤਾਂ ਮਹਾਂਪੁਰਸ਼ਾਂ ਦੀ ਯਾਦ ਨੂੰ ਮੁੱਖ ਰੱਖਦਿਆਂ ਠੰਢੇ ਮਿੱਠੇ ਜਲ ਦੀ ਛਬੀਲ ਅਤੇ ਕੜਾਹ ਪ੍ਰਸਾਦਿ ਦੀ ਦੇਗ ਦਾ ਲੰਗਰ ਲਗਾਇਆ। ਅਰੰਭਤਾ ਦੀ ਅਰਦਾਸ ਬਾਬਾ ਦੀਪ ਸਿੰਘ ਵੱਲੋਂ ਕੀਤੀ ਗਈ। ਇਸ ਮੌਕੇ ਉਹਨਾਂ ਸਰਬੱਤ ਦੇ ਭਲੇ ਦੀ ਕਾਮਨਾ ਕਰਦੇ ਹੋਏ ਸਮੂੰਹ ਨਗਰ ਨਿਵਾਸੀਆਂ ਪਿੰਡ ਦੇ ਐਨ. ਆਰ. ਆਈ. ਵੀਰਾਂ ਦੀ ਤੰਦਰੁਸਤੀ ਅਤੇ ਚੜ੍ਹਦੀ ਕਲਾ ਦੀ ਅਰਦਾਸ ਕੀਤੀ।ਇਸ ਮੌਕੇ ਗਿਆਨੀ ਕਸ਼ਮੀਰਾ ਸਿੰਘ, ਰਣਵੀਰ ਸਿੰਘ ਰਾਣਾ, ਜੋਗਿੰਦਰ ਸਿੰਘ ਮਾਹਲ, ਅਜਮੇਰ ਸਿੰਘ, ਬਲਰਾਮ ਚੋਪੜਾ ਜੰਡਿਆਲਾ, ਸੁਰਿੰਦਰਪਾਲ ਸੈਕੀ, ਹਰਮਨ ਸੰਘਾ, ਪਰਮਿੰਦਰ ਸਿੰਘ ਸਾਬਕਾ ਪੰਚ, ਕੁਕੂ ਪੰਚ, ਮੋਹਨ ਸਿੰਘ, ਹੈਪੀ, ਜੋਤਾ, ਜੋਬਨ, ਜਸਵਿੰਦਰ ਕੌਰ, ਪਰਮਜੀਤ ਕੌਰ, ਚਰਨਜੀਤ ਕੌਰ, ਹਰਲੀਨ, ਮਨਰੀਤ ਕੌਰ, ਕਰਮਨਦੀਪ ਸਿੰਘ,ਬੌਬੀ, ਠੇਕੇਦਾਰ ਰਜਿੰਦਰ ਸਿੰਘ, ਮਾਸਟਰ ਸੀਤਲ ਸਿੰਘ, ਚਰਨ ਦਾਸ ਆਦਿ ਹਾਜਰ ਸਨ। ਸੁਰਿੰਦਰਪਾਲ ਸੈਕੀ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਐਨ. ਆਰ. ਆਈ. ਬਲਕਾਰ ਸਿੰਘ ਕਨੇਡਾ ਵੱਲੋਂ ਵਿਸ਼ੇਸ਼ ਤੌਰ 'ਤੇ ਮੱਦਦ ਭੇਜੀ ਗਈ।

ਸੀ ਪੀ ਆਈ ਆਗੂ ਮਹਿੰਗਾ ਸਿੰਘ ਨਹੀਂ ਰਹੇ- ਅੰਤਮ ਅਰਦਾਸ 8 ਨੂੰ

ਬਹਿਰਾਮ (ਅਵਤਾਰ ਕਲੇਰ) ਆਲ ਇੰਡੀਆ ਵੈਲਫੇਅਰ ਐਸੋਸੀਏਸ਼ਨ ਨਵਾਂਸ਼ਹਿਰ ਬਰਾਂਚ ਦੇ ਸੀਨੀਅਰ ਉਪ ਪ੍ਰਧਾਨ ਅਤੇ ਸੀ ਪੀ ਆਈ ਦੇ ਜ਼ਿਲ੍ਹਾ ਕਾਰਜਕਾਰੀ ਦੇ ਨਿਧੜਕ ਆਗੂ ਮਹਿੰਗਾ ਸਿੰਘ ਫਿਰਨੀ ਮਜਾਰਾ ਨਹੀਂ ਰਹੇ। ਉਹਨਾਂ ਨੇ ਆਪਣੀ ਆਖਰੀ ਸਾਹ 29 ਜੂਨ ਨੂੰ ਆਪਣੇ ਪੁੱਤਰਾਂ ਸੂਬੇਦਾਰ ਅਮਰਜੀਤ ਸਿੰਘ , ਸੂਬੇਦਾਰ ਜਸਵੀਰ ਸਿੰਘ , ਬਖਤਾਵਰ ਸਿੰਘ , ਪਤਨੀ , ਨੂੰਹਾਂ , ਪੋਤਰੇ ਅਤੇ ਪੋਤਰੀਆਂ ਦੀ ਹਾਜਰੀ 'ਚ ਲਿਆ । ਉਹਨਾਂ ਦੀ ਅੰਤਮ ਅਰਦਾਸ ਗੁਰਦੁਆਰਾ ਸਾਹਿਬ ਪਿੰਡ ਫਿਰਨੀ ਮਜਾਰਾ ਵਿਖੇ 8 ਜੁਲਾਈ ਨੂੰ ਹੋਵੇਗੀ । ਉਹਨਾਂ ਦੇ ਜਾਣ ਦਾ ਜਿਨਾਂ ਘਾਟਾ ਪਰਵਾਰ ਨੂੰ ਪਿਆ ਉਸ ਤੋਂ ਵੀ ਜ਼ਿਆਦਾ ਘਾਟਾ ਜਥੇਬੰਦੀ ਅਤੇ ਪਾਰਟੀ ਨੂੰ ਪਿਆ । ਸਾਥੀ ਮਹਿੰਗਾ ਸਿੰਘ ਦੀ ਦੇਹ 'ਤੇ ਪਾਰਟੀ ਦੇ ਜ਼ਿਲ੍ਹਾ ਸਕੱਤਰ ਤੇ ਮੁਲਾਜਮ ਆਗੂ ਕਾਮਰੇਡ ਸੁਤੰਤਰ ਕੁਮਾਰ , ਤਹਿਸੀਲ ਬਲਾਚੌਰ ਦੇ ਸਕੱਤਰ ਕਾਮਰੇਡ ਪਰਮਿੰਦਰ ਮੇਨਕਾ , ਜ਼ਿਲ੍ਹਾ ਕਾਰਜਕਾਰੀ ਮੈਂਬਰ ਕਾਮਰੇਡ ਜੋਗਿੰਦਰ ਜੋਗੀ ਅਤੇ ਸਾਰੇ ਸਾਥੀਆਂ ਵਲੋਂ ਪਾਰਟੀ ਦੀ ਝੰਡਾ ਪਾ ਕੇ ਸਾਥੀ ਨੂੰ ਅੰਤਿਮ ਵਿਦਾਇਗੀ ਦਿੱਤੀ । ਸਾਥੀ ਮਹਿੰਗਾ ਸਿੰਘ ਨੇ ਸਾਰੀ ਉਮਰ ਮੁਲਾਜਮਾਂ , ਮਜਦੂਰਾਂ , ਕਿਸਾਨਾਂ ਅਤੇ ਦੱਬੇ ਕੁੱਚਲੇ ਲੋਕਾਂ ਦੇ ਲੇਖੇ ਲਾਈ । ਇਸ ਮੌਕੇ ਭਤੀਜਾ ਰੇਸ਼ਮ ਸਿੰਘ , ਸੰਤੋਖ ਪਾਲ ਰਾਹੋਂ , ਮੇਜਰ ਦਾਸ ਔੜ , ਕ੍ਰਿਸ਼ਨ ਲਾਲ ਬੇਗਮ ਪੁਰ , ਸੁਰਜੀਤ ਕੁਮਾਰ ਸਲੋਹ , ਪਾਖਰ ਰਾਮ ਲੰਗੜੋਆ , ਅਸ਼ੋਕ ਕੁਮਾਰ ਜਾਡਲਾ , ਝਲਮਣ ਸਿੰਘ ਤੇ ਤਲਵਿੰਦਰ ਸਿੰਘ ਗੁਲਪੁਰ , ਧਰਮ ਪਾਲ ਸਿਆਣਾ , ਮਨੋਹਰ ਲਾਲ ਸੰਧੂ , ਪਰਮਜੀਤ ਸਿੰਘ ਰੌਲੀ , ਹੀਰਾ ਲਾਲ , ਹੁਸਨ ਲਾਲ ਮਜੌਟ , ਬਖਤਾਵਰ ਸਿੰਘ , ਸਰਪੰਚ ਰਣਜੀਤ ਸਿੰਘ ਜੀਤਾ , ਸਾਬਕਾ ਸਰਪੰਚ ਵਿਜੇ ਕੁਮਾਰ , ਕਾਲਾ ਫਿਰਨੀ ਮਜਾਰਾ , ਗੁਰਮੇਲ ਵਿਛੌੜੀ , ਭਗਤ ਸਿੰਘ ਮੌਜੇਵਾਲ , ਰਾਣਾ ਪਦਮ ਸਿੰਘ ਤੋਂ ਇਲਾਵਾ ਰਿਸ਼ਤੇਦਾਰ ਅਤੇ ਨਗਰ ਨਿਵਾਸੀ ਹਾਜਰ ਸਨ ।

ਮਰੀਜ਼ਾਂ ਦੇ ਇਲਾਜ ਲਈ ਚਲਾਈ ਜਾਵੇਗੀ ਬੱਸ : ਰਾਣਾ ਇੰਦਰ ਪ੍ਰਤਾਪ

ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ)-ਸੁਲਤਾਨਪੁਰ ਲੋਧੀ ਦੇ ਅਜਾਦ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਵੱਲੋਂ ਪ੍ਰੈੱਸ ਕਾਨਫਰੰਸ ਕੀਤੀ ਗਈ। ਜਿਸ ਦੌਰਾਨ ਉਨ੍ਹਾਂ ਨੇ ਕਿਹਾ ਕਿ ਦਰਿਆ ਬਿਆਸ 'ਚ ਪਾਣੀ ਦਾ ਪੱਧਰ ਵਧਣ ਕਾਰਨ ਹਰ ਥਾਂ ਕਿਸਾਨਾਂ ਦੀ ਫਸਲ ਤਬਾਹ ਹੁੰਦੀ ਹੈ। ਬਿਨਾਂ ਕਿਸੇ ਨੂੰ ਦੱਸਿਆ ਹਰੀਕੇ ਹੈੱਡ ਤੋਂ ਲੱਖਾਂ ਕਿਊਸਕ ਪਾਣੀ ਛੱਡਿਆ ਜਾਂਦਾ ਹੈ। ਜਿਸ ਕਾਰਨ ਸੁਲਤਾਨਪੁਰ ਲੋਧੀ ਮੰਡ ਖੇਤਰ ਦੇ ਅਲੱਗ ਅਲੱਗ ਪਿੰਡ ਕਾਫੀ ਪ੍ਰਭਾਵਿਤ ਹੁੰਦੇ ਹਨ ਅਤੇ ਉਨ੍ਹਾਂ ਦੀਆਂ ਫਸਲਾਂ ਵੀ ਨੁਕਸਾਨੀਆਂ ਜਾਂਦੀਆਂ ਹਨ।

ਉਨ੍ਹਾਂ ਨੇ ਕਿਹਾ ਕਿ ਮੈਂ ਆਪਣੇ ਹਲਕੇ ਦੇ ਵਾਸੀਆਂ ਨਾਲ ਚਟਾਨ ਵਾਂਗ ਖੜਾ ਹਾਂ ਅਤੇ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਖਰਾਬ ਹੋਈ ਫਸਲ ਦੀ ਗਿਰਦਾਵਰੀ ਕਰਕੇ ਜਲਦ ਜਲਦ ਮੁਆਵਜਾ ਦਿੱਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਗਰੀਬ ਵਿਅਕਤੀਆਂ ਦੇ ਰਾਸ਼ਨ ਕਾਰਡ ਦੁਬਾਰਾ ਜੋੜਦੇ ਚਾਹੀਦੇ ਹਨ। ਉਨ੍ਹਾਂ ਨੇ ਕਿਹਾ ਮੇਰੇ ਵੱਲੋਂ ਜਲਦ ਹੀ ਇੱਕ ਬੱਸ ਸ਼ੁਰੂ ਕੀਤੀ ਜਾਵੇਗੀ ਜੋ ਬਿਮਾਰ ਵਿਅਕਤੀਆਂ ਨੂੰ ਇਲਾਜ ਲਈ ਲੈ ਕੇ ਮੁਫਤ ਜਾਵੇਗੀ। ਇੱਕ ਬੱਸ ਮੇਰੇ ਵੱਲੋਂ ਚਲਾਈ ਜਾਵੇਗੀ ਜੋ ਕਿ ਸੁਲਤਾਨਪੁਰ ਲੋਧੀ ਹਲਕੇ ਦੇ ਅਲੱਗ-ਅਲੱਗ ਪਿੰਡਾਂ ਵਿੱਚ ਜਾ ਕੇ ਮਰੀਜਾਂ ਦਾ ਇਲਾਜ ਕਰੇਗੀ । ਜਿਸ ਵਿੱਚ ਡਾਕਟਰੀ ਟੀਮ ਵੀ ਮੌਜੂਦ ਰਹੇਗੀ ।

ਟ੍ਰੈਕਟਰ ਦੇ ਚਾਰ ਟਾਇਰਾਂ ਤੇ ਸਿੰਲਡਰ ਸਮੇਤ ਚੋਰ ਕਾਬੂ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਇੰਸ: ਕਰਨੈਲ ਸਿੰਘ ਮੁੱਖ ਅਫਸਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਏ ਐਸ ਆਈ ਤਜਿੰਦਰ ਸਿੰਘ ਨੇ ਸਮੇਤ ਪੁਲਸ ਪਾਰਟੀ ਦੌਰਾਨੇ ਗਸ਼ਤ ਪਿੱਪਲਾਂਵਾਲਾ ਤੋਂ ਅਮਨਦੀਪ ਸਿੰਘ ਉਰਫ ਰਵੀ ਪੁੱਤਰ ਇਕਬਾਲ ਸਿੰਘ ਵਾਸੀ ਰੂਪ ਨਗਰ ਹੁਸ਼ਿਆਰਪੁਰ ਨੂੰ ਮੁਕੱਦਮੇ ਤਹਿਤ ਥਾਣਾ ਮਾਡਲ ਟਾਊਨ ਹੁਸਿਆਰਪੁਰ ਵਿੱਚ ਗ੍ਰਿਫਤਾਰ ਕਰਕੇ ਉਸ ਕੋਲੋਂ ਕੀਤੀ ਪੁੱਛਗਿੱਛ ਦੇ ਅਧਾਰ ਤੇ ਚੋਰੀ ਸ਼ੁਦਾ 1 ਗੈਸ ਸਿਲੰਡਰ, ਟੈਕਟਰ ਦੇ 4 ਟਾਇਰ ਬ੍ਰਾਮਦ ਕੀਤੇ। ਉਨ੍ਹਾਂ ਦੱਸਿਆ ਕਿ ਇਹ ਸਮਾਨ ਅਮਨਦੀਪ ਸਿੰਘ ਉਰਫ ਰਵੀ ਨੇ ਆਪਣੇ ਭਰਾ ਵਰਿੰਦਰ ਸਿੰਘ ਉਰਫ ਵਿੱਕੀ ਨਾਲ ਮਿਲ ਕੇ ਮਹਿੰਦਰਾ ਟਰੈਕਟਰਾਂ ਦੀ ਵਰਕਸ਼ਾਪ ਪਿੱਪਲਾਂਵਾਲਾ ਤੋ ਚੋਰੀ ਕੀਤਾ ਸੀ ਜੋ ਇਸ ਮੁਕੱਦਮੇ ਵਿੱਚ ਪਹਿਲਾਂ ਹੀ ਗ੍ਰਿਫਤਾਰ ਹੋ ਚੁੱਕਾ ਹੈ।

ਬੀੜ ਬੰਸੀਆਂ ਵਿਖੇ 43ਵਾਂ ਸਾਲਾਨਾ ਜੋੜ ਮੇਲਾ

**ਗੁਰਾ

2-July-Sunday.qxd 7/1/2023 10:21 PM Page 1



ਪਾਠਕ੍ਰਮਾਂ ਦੀ ਛਾਂਗ-ਛੰਗਾਈ ਆਖਰੀ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

Regd. No : Pb/JL-123/2021-2023, (R.N.I.)-00068/57

ਜਲੰਧਰ : ਐਤਵਾਰ, 2 ਜੁਲਾਈ 2023

www.nawanzamana.in

ਕੀਮਤ 5.00 ਰੁਪਏ

ਧੀਆਂ ਕਰਜ਼ ਚੜ੍ਹਾਉਂਦੀਆਂ,
ਪੁੱਤ ਜ਼ਮੀਨ ਵਿਕਾਉਣ।
ਐਸੀ ਸੋਚ ਗੁਲਾਮ ਨੂੰ,
ਆਣ ਛੁਡਾਵੇ ਕੌਣ।

- ਪ੍ਰੋ. ਦਤਾਰ ਸਿੰਘ

ਅਹਿਮ ਸਵਾਲਾਂ ਤੋਂ ਟਾਲਾ ਵੱਟਦਾ ਭਾਰਤੀ ਮੀਡੀਆ

ਰਾਵਿੰਦਰ ਪਟਵਾਲ

ਬੂਟਾ ਸਿੰਘ ਮਹਿਮੂਦਪੁਰ

ਇਕ ਐਂਕਰ ਪੱਤਰਕਾਰ ਹੈ ਸੁਧੀਰ ਚੌਧਰੀ, ਜਿਸ ਤੋਂ ਪੂਰਾ ਮੁਲਕ ਜਾਣੂ ਹੈ। ਪ੍ਰਧਾਨ ਮੰਤਰੀ ਮੋਦੀ ਦੇ ਅਮਰੀਕਾ ਦੌਰੇ ਬਾਰੇ ਉਹ ਕਹਿੰਦਾ ਹੈ, "ਬਿਡੇਨ ਮੋਦੀ ਨੂੰ ਮਿਲਣ ਲਈ ਇੰਨੇ ਬੇਚੈਨ ਕਿਉਂ ਹਨ?" ਇੰਡੀਆ ਟੀ ਵੀ ਦੇ ਰਜਤ ਸ਼ਰਮਾ ਨੇ ਟਵੀਟ ਕੀਤਾ : 1. ਮੋਦੀ ਨੇ ਸੰਯੁਕਤ ਰਾਸ਼ਟਰ ਵਿਚ ਯੋਗਾ ਕੀਤਾ, ਵਿਸ਼ਵ ਰਿਕਾਰਡ ਬਣਾਇਆ, ਪਰ ਕਾਂਗਰਸ ਨੇ ਮੋਦੀ ਦੇ ਯੋਗਾ ਦਾ ਮਜ਼ਾਕ ਉਡਾਇਆ। 2. ਐਲੋਨ ਮਸਕ ਨੇ ਕਿਹਾ, ਮੈਂ ਮੋਦੀ ਦਾ ਪ੍ਰਸ਼ੰਸਕ ਹਾਂ; ਅਮਰੀਕੀ ਵਿਗਿਆਨੀਆਂ ਨੇ ਕਿਹਾ, 'ਮੋਦੀ ਲਈ ਸਕਾਈ ਇਜ ਨਾਟ ਦ ਲਿਮਿਟ'। 3. ਬਾਇਡੇਨ ਨੇ ਜ਼ੀ-ਜਿਨ ਪਿੰਗ ਨੂੰ ਕਿਹਾ 'ਤਾਨਾਸ਼ਾਹ', ਰਾਤ ਨੂੰ ਮੋਦੀ ਨੂੰ ਨਿੱਜੀ ਤੌਰ 'ਤੇ ਰਾਤ ਦੇ ਖਾਣੇ ਲਈ ਸੱਦਾ ਦਿੱਤਾ।

ਅੱਜ ਭਾਰਤੀ ਮੀਡੀਆ ਦੱਸ ਰਿਹਾ ਹੈ ਕਿ ਕਿਵੇਂ ਰਾਸ਼ਟਰਪਤੀ ਬਾਇਡੇਨ ਅਤੇ ਉਨ੍ਹਾਂ ਦੀ ਪਤਨੀ ਨੇ ਰਾਤ ਦੇ ਸ਼ਾਹੀ ਖਾਣੇ ਦਾ ਪ੍ਰਬੰਧ ਕੀਤਾ ਸੀ। ਉੱਥੇ ਸ਼ਾਕਾਹਾਰੀ ਭੋਜਨ ਦੀ ਕੀ-ਕੀ ਵੰਨਗੀ ਸੀ। ਡੀਡੀ ਨਿਊਜ਼ ਦਾ ਅਸ਼ੋਕ ਸ੍ਰੀਵਾਸਤਵ ਲਗਾਤਾਰ ਆਪਣੇ ਟਵੀਟਸ ਰਾਹੀਂ ਪਲ-ਪਲ ਦੀ ਖ਼ਬਰ ਆਪਣੇ ਫਾਲੋਅਰ ਨੂੰ ਭੇਜ ਰਿਹਾ ਹੈ, ਜਿਵੇਂ ਕਿ ਉਨ੍ਹਾਂ ਨੂੰ ਇਹ ਪਲ ਦੁਬਾਰਾ ਨਹੀਂ ਮਿਲੇਗਾ।

ਪਰ ਸ਼ਾਇਦ ਹੀ ਕੋਈ ਇਹ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਅਮਰੀਕਨ ਮੀਡੀਆ ਵਿਚ ਇਸ ਦੌਰੇ ਨੂੰ ਲੈ ਕੇ ਕੀ ਲਿਖਿਆ ਅਤੇ ਕੀ ਕਿਹਾ ਜਾ ਰਿਹਾ ਹੈ। 70 ਤੋਂ ਜ਼ਿਆਦਾ ਅਮਰੀਕੀ ਸੰਸਦ ਮੈਂਬਰਾਂ ਅਤੇ ਕਾਂਗਰਸਮੈਨਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਘਰੇਲੂ ਨੀਤੀਆਂ ਉੱਪਰ ਸਖ਼ਤ ਇਤਰਾਜ਼ ਦਰਜ ਕਰਾਉਂਦੇ ਹੋਏ ਬਾਇਡੇਨ ਤੋਂ ਮੰਗ ਕੀਤੀ ਹੈ ਕਿ ਉਹ ਭਾਰਤ ਵਿਚ ਲੋਕਤੰਤਰ ਦੇ ਤੇਜ਼ੀ ਨਾਲ ਪਤਨ ਉੱਪਰ ਜਨਤਕ ਅਤੇ ਨਿੱਜੀ ਤੌਰ 'ਤੇ ਚਿੰਤਾ ਜ਼ਾਹਿਰ ਕਰੇ।

ਡੈਮੋਕ੍ਰੇਟਿਕ ਪਾਰਟੀ ਦੇ ਪ੍ਰਮੁੱਖ ਅਮਰੀਕਨ ਨੇਤਾ ਅਤੇ ਦੋ ਵਾਰ ਅਮਰੀਕਨ ਰਾਸ਼ਟਰਪਤੀ ਦੇ ਅਹੁਦੇ ਦੀ ਦੌੜ 'ਚ ਸਿਖ਼ਰ 'ਤੇ ਪਹੁੰਚ ਕੇ ਆਖ਼ਰੀ ਸਮੇਂ 'ਤੇ ਬਾਹਰ ਹੋਏ ਬਰਨੀ ਸੈਂਡਰਸ ਨੇ ਸਪੱਸ਼ਟ ਸ਼ਬਦਾਂ ਵਿਚ ਮੋਦੀ ਦੀ ਆਲੋਚਨਾ ਕਰਦੇ ਹੋਏ ਟਵੀਟ ਕੀਤਾ, "ਪ੍ਰਧਾਨ ਮੰਤਰੀ ਮੋਦੀ ਦੀ ਸਰਕਾਰ ਨੇ ਪ੍ਰੈੱਸ ਅਤੇ ਸਿਵਲ ਸੁਸਾਇਟੀ ਉੱਪਰ ਬਹੁਤ ਜ਼ੁਲਮ ਕੀਤੇ ਹਨ, ਆਪਣੇ ਸਿਆਸੀ ਵਿਰੋਧੀਆਂ ਨੂੰ ਜੇਲ੍ਹਾਂ ਵਿਚ ਸੁੱਟਿਆ ਹੈ ਅਤੇ ਹਮਲਾਵਰ ਹਿੰਦੂ ਰਾਸ਼ਟਰਵਾਦ ਨੂੰ ਸ਼ਹਿ ਦੇਣ ਦਾ ਕੰਮ ਕਰਕੇ ਭਾਰਤ ਦੀਆਂ ਧਾਰਮਿਕ ਘੱਟਗਿਣਤੀਆਂ ਲਈ ਕੋਈ ਥਾਂ ਨਹੀਂ ਛੱਡੀ ਹੈ। ਬਾਇਡੇਨ ਨੂੰ ਮੋਦੀ ਨਾਲ ਮੀਟਿੰਗ ਵਿਚ ਇਹ ਸਵਾਲ ਉਠਾਉਣੇ ਚਾਹੀਦੇ ਹਨ।

ਮਨੀਪੁਰ ਹਿੰਸਾ ਦਾ ਮੁੱਦਾ ਵੀ ਅਮਰੀਕਾ ਦੀਆਂ ਸੜਕਾਂ 'ਤੇ ਗੂੰਜ ਰਿਹਾ ਹੈ। ਮਨੀਪੁਰ ਮੂਲ ਦੀਆਂ ਪਰਵਾਸੀ ਔਰਤਾਂ, ਬੱਚਿਆਂ ਅਤੇ ਨੌਜਵਾਨਾਂ ਨੇ ਹੱਥਾਂ ਵਿਚ ਤਖ਼ਤੀਆਂ ਲੈ ਕੇ ਸਵਾਲ ਪੁੱਛੇ : "ਪੀ ਐੱਮ ਮੋਦੀ ਚੁੱਪ ਕਿਉਂ ਹੈ", "ਮਣੀਪੁਰ ਨੂੰ ਬਚਾਓ" ਅਤੇ "ਅਸੀਂ ਮਨੀਪੁਰ ਵਿਚ ਸ਼ਾਂਤੀ ਚਾਹੁੰਦੇ ਹਾਂ" ਵਰਗੀਆਂ ਮੰਗਾਂ ਵਾਲੀਆਂ ਤਖ਼ਤੀਆਂ ਲਈ ਖੜ੍ਹੇ ਲੋਕ ਜੋ ਸਵਾਲ ਉਠਾ ਰਹੇ ਹਨ, ਉਹ ਭਾਰਤ ਦੀ ਸਾਖ਼ ਨੂੰ ਕਲੰਕਿਤ ਕਰਦੇ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ 100 ਤੋਂ ਵੱਧ ਮੌਤਾਂ ਨਾਲ ਮੇਤੇਈ ਅਤੇ ਕੁਕੀ ਭਾਈਚਾਰਿਆਂ ਵਿਚਕਾਰ ਪਾੜਾ ਇੰਨਾ ਡੂੰਘਾ ਹੋ ਗਿਆ ਹੈ ਕਿ ਇਸ ਨੂੰ ਪੂਰਨਾ ਲੱਗਭੱਗ ਅਸੰਭਵ ਹੈ। ਪੀ ਐੱਮ ਮੋਦੀ ਨੇ ਮਨੀਪੁਰ ਨੂੰ ਲੈ ਕੇ ਇਕ ਵਾਰ ਵੀ ਟਵੀਟ ਨਹੀਂ ਕੀਤਾ, ਮੂੰਹ ਖੋਲ੍ਹਣ ਦੀ ਗੱਲ ਤਾਂ ਛੱਡੋ।

ਪਿਛਲੀ ਵਾਰ ਜਦੋਂ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਅਮਰੀਕਾ ਵਿਚ ਮਹਾਦੋਸ਼ ਦੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ ਤਾਂ ਉਸ ਦੇ ਪਰਮ ਮਿੱਤਰ ਮੋਦੀ ਨੇ ਤੁਰੰਤ ਭਾਰਤ ਵਿਚ ਚੁਟਕੀ ਵਿਚ ਉਨ੍ਹਾਂ ਲਈ ਸ਼ਾਨਦਾਰ ਸਵਾਗਤ ਦਾ ਇੰਤਜ਼ਾਮ ਕੀਤਾ ਸੀ। ਦੁਨੀਆ ਦੇ ਸਭ ਤੋਂ ਵੱਡੇ ਕ੍ਰਿਕਟ ਸਟੇਡੀਅਮ, ਵੱਲਭਭਾਈ ਪਟੇਲ ਸਟੇਡੀਅਮ, ਜਿਸ ਦਾ ਨਾਂਅ ਹੁਣ ਨਰਿੰਦਰ ਮੋਦੀ ਦੇ ਨਾਂਅ 'ਤੇ ਰੱਖਿਆ ਗਿਆ ਹੈ, ਵਿਚ ਟਰੰਪ ਦਾ ਜਿਵੇਂ ਸ਼ਾਨਦਾਰ ਸਵਾਗਤ ਕੀਤਾ ਗਿਆ, ਉਹ ਟਰੰਪ ਲਈ ਅਮਰੀਕਾ ਵਿਚ ਆਪਣੀ ਆਲਮੀ ਸਾਖ਼ ਨੂੰ ਸਾਬਤ ਕਰਨ ਦਾ ਸੰਦ ਸਾਬਤ ਹੋਇਆ ਸੀ, ਪਰ ਟਰੰਪ ਦੇ ਦਿੱਲੀ ਦੌਰੇ ਦੌਰਾਨ ਉੱਤਰ-ਪੂਰਬੀ ਦਿੱਲੀ ਵਿਚ ਹੋਏ ਦੰਗਿਆਂ ਦਾ ਸੇਕ ਉਦੋਂ ਵੀ ਅਮਰੀਕਾ ਦੇ ਨਾਗਰਿਕਾਂ ਨੇ ਮਹਿਸੂਸ ਕੀਤਾ ਸੀ।

ਇਹ ਜੱਗ ਜ਼ਾਹਿਰ ਹੈ ਕਿ 2020 ਤੋਂ ਬਾਅਦ 2023 'ਚ ਵੀ ਭਾਰਤ ਦਾ ਇਕ ਸੂਬਾ ਪੂਰੀ ਤਰ੍ਹਾਂ ਅੱਗ ਦੀ ਲਪੇਟ 'ਚ ਹੈ ਅਤੇ ਪੀ ਐੱਮ ਮੋਦੀ ਟੋਕੀਓ 'ਚ ਜੀ-7 ਦੀ ਮੀਟਿੰਗ 'ਚ ਮਹਿਮਾਨ ਦੇ ਤੌਰ 'ਤੇ ਜਾਣ ਤੋਂ ਹੀ ਨਹੀਂ ਰੁਕਦਾ, ਸਗੋਂ ਆਸਟ੍ਰੇਲੀਆ ਵਿਚ ਰੱਦ ਹੋ ਚੁੱਕੀ ਮੀਟਿੰਗ (ਜੋ ਬਾਇਡੇਨ ਦੀ ਘਰੇਲੂ ਆਰਥਿਕ ਸਮੱਸਿਆ ਕਾਰਨ ਸੀ) ਦੇ ਬਾਵਜੂਦ ਤਿੰਨ ਦਿਨ ਲਈ ਖ਼ੁਸ਼ੀ-ਖ਼ੁਸ਼ੀ ਚਲਾ ਗਿਆ। ਅਸੀਂ ਆਮ ਭਾਰਤੀ ਸ਼ਾਇਦ ਇਨ੍ਹਾਂ ਗੱਲਾਂ ਨੂੰ ਇਸ ਕਰਕੇ ਨਹੀਂ ਸਮਝ ਸਕਦੇ ਕਿਉਂਕਿ ਗੋਦੀ ਮੀਡੀਆ ਰਾਹੀਂ ਸਾਨੂੰ ਹਮੇਸ਼ਾ ਉਹੀ ਖ਼ਬਰਾਂ ਪਰੋਸੀਆਂ ਜਾਂਦੀਆਂ ਹਨ, ਜਿਸ ਕਾਰਨ ਸਾਡੀ ਸੋਚਣ-ਸਮਝਣ ਦੀ ਤਾਕਤ ਖੁੰਢੀ ਹੁੰਦੀ ਜਾਂਦੀ ਹੈ।

ਅਮਰੀਕਾ ਦੀਆਂ ਸੜਕਾਂ ਉੱਪਰ ਇਕ ਵੈਨ ਨੂੰ ਇਕ ਚੱਲਦੀ ਫਿਲਮ ਬਣਾ ਦਿੱਤਾ ਗਿਆ ਹੈ। ਇਸ ਵਿਚ ਭਾਰਤ ਵਿਚ ਅੰਤਰਰਾਸ਼ਟਰੀ ਔਰਤ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਉੱਪਰ ਪੀ ਐੱਮ ਮੋਦੀ ਦੀ ਪਾਰਟੀ ਦੇ ਸੰਸਦ ਮੈਂਬਰ ਬ੍ਰਿਜ ਭੂਸ਼ਣ ਸਿੰਘ ਉੱਪਰ ਲੱਗੇ ਦੋਸ਼ਾਂ ਬਾਬਤ ਮੋਦੀ ਦੀ ਚੁੱਪ ਨੂੰ ਦਿਖਾਇਆ ਜਾ ਰਿਹਾ ਹੈ। ਆਲਮੀ ਮਨੁੱਖੀ ਅਧਿਕਾਰ ਸੰਗਠਨ ਭਾਰਤ ਵਿਚ ਪਾਬੰਦੀਸ਼ੁਦਾ ਬੀ ਬੀ ਸੀ ਦਸਤਾਵੇਜ਼ੀ ਨਿਊਯਾਰਕ ਵਿਚ ਦਿਖਾ ਰਹੇ ਹਨ। ਇਹ ਸਾਰੀਆਂ ਗੱਲਾਂ ਸ਼ਾਇਦ ਹੀ ਭਾਰਤ ਦੇ 10% ਹਿੱਸੇ ਤੱਕ ਪਹੁੰਚਣ। ਅੰਤਰਰਾਸ਼ਟਰੀ ਯੋਗ ਦਿਵਸ 'ਤੇ ਮਿਸਟਰ ਮੋਦੀ ਨੇ ਯੋਗਾ ਨੂੰ ਲੋਕਾਂ ਨੂੰ ਆਪਸ ਵਿਚ ਜੋੜਨ ਵਾਲਾ ਦੱਸ ਕੇ ਖ਼ੂਬ ਵਾਹ-ਵਾਹ ਖੱਟੀ ਹੈ, ਪਰ ਕੁਝ ਲੋਕ ਸਵਾਲ ਕਰ ਰਹੇ ਹਨ ਕਿ ਜੇਕਰ ਯੋਗ ਨਾਲ ਲੋਕਾਂ ਨੂੰ ਜੋੜਿਆ ਜਾ ਸਕਦਾ ਹੈ ਤਾਂ ਤੁਸੀਂ ਮਨੀਪੁਰ ਦੇ ਲੋਕਾਂ ਨੂੰ ਜੋੜਨ ਲਈ ਅਜੇ ਤੱਕ ਇਕ ਵੀ ਕੋਸ਼ਿਸ਼ ਕਿਉਂ ਨਹੀਂ ਕੀਤੀ?

ਸੈਨੇਟਰ ਅਤੇ HouseJudiciary, @OversightDems ਦੀ ਮੈਂਬਰ ਕੋਰੀ ਬੁਸ ਨੇ ਆਪਣੇ ਟਵੀਟ ਵਿਚ ਤਿੱਖੀ ਆਲੋਚਨਾ ਕਰਦੇ ਹੋਏ ਕਿਹਾ, "ਪ੍ਰਧਾਨ ਮੰਤਰੀ ਮੋਦੀ ਦਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਸ਼ਰਮਨਾਕ ਇਤਿਹਾਸ ਹੈ, ਲੋਕਤੰਤਰ ਨੂੰ ਤਾਕ 'ਤੇ ਰੱਖਣ ਅਤੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਦੇ ਮਾਮਲੇ 'ਚ ਸ਼ਰਮਨਾਕ ਇਤਿਹਾਸ ਰਿਹਾ ਹੈ। ਮੋਦੀ ਅਤੇ ਉਸ ਦੀਆਂ ਨੀਤੀਆਂ ਨੇ ਜਿਨ੍ਹਾਂ ਭਾਈਚਾਰਿਆਂ ਨੂੰ ਸਤਾਇਆ ਹੈ, ਉਨ੍ਹਾਂ ਨਾਲ ਇਕਜੁੱਟਤਾ ਦਿਖਾਉਂਦੇ ਹੋਏ ਮੈਂ ਕਾਂਗਰਸ ਦੀ ਸਾਂਝੀ ਸਭਾ ਦੇ ਸੰਬੋਧਨ ਦਾ ਬਾਈਕਾਟ ਕਰ ਰਹੀ ਹਾਂ।"



ਇਕ ਹੋਰ ਔਰਤ ਸੰਸਦ ਮੈਂਬਰ ਰਸ਼ੀਦਾ ਤਲੈਬ ਦਾ ਟਵੀਟ ਗ਼ੌਰ ਕਰਨ ਵਾਲਾ ਹੈ, "ਇਹ ਸ਼ਰਮਨਾਕ ਹੈ ਕਿ ਮੋਦੀ ਨੂੰ ਸਾਡੀ ਕੌਮੀ ਰਾਜਧਾਨੀ ਵਿਚ ਇਕ ਮੰਚ ਦਿੱਤਾ ਜਾ ਰਿਹਾ ਹੈ-ਮਨੁੱਖੀ ਅਧਿਕਾਰਾਂ ਦੀ ਉਲੰਘਣਾ, ਗੈਰਜਮਹੂਰੀ ਕਾਰਵਾਈਆਂ, ਮੁਸਲਮਾਨਾਂ ਅਤੇ ਧਾਰਮਿਕ ਘੱਟਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਅਤੇ ਪੱਤਰਕਾਰਾਂ 'ਤੇ ਪਾਬੰਦੀ ਲਗਾਉਣ ਦਾ ਉਸ ਦਾ ਲੰਮਾ ਇਤਿਹਾਸ ਹੈ, ਜੋ ਕਿ ਬਿਲਕੁਲ ਹੀ ਸਵੀਕਾਰ ਨਹੀਂ ਕੀਤਾ ਜਾ ਸਕਦਾ। ਮੈਂ ਮੋਦੀ ਵੱਲੋਂ ਕਾਂਗਰਸ ਨੂੰ ਸਾਂਝਾ ਸੰਬੋਧਨ ਕਰਨ ਦਾ ਬਾਈਕਾਟ ਕਰਦੀ ਹਾਂ।"

ਅਰਜੁਨ ਸੇਠੀ ਨਾਂਅ ਦੇ ਇਕ ਸਮਾਜ ਸੇਵੀ ਨੇ ਪੀ ਐੱਮ ਮੋਦੀ ਉੱਪਰ ਲੱਗੇ ਦੋਸ਼ਾਂ ਦੀ ਤਸਵੀਰ ਅਮਰੀਕਾ ਦੀਆਂ ਸੜਕਾਂ ਉੱਪਰ ਇਕ ਚੱਲਦੇ-ਫਿਰਦੇ ਟਰੱਕ ਉੱਪਰ ਵੀਡੀਓ ਦੇ ਮਾਧਿਅਮ ਰਾਹੀਂ ਦਿਖਾਈ ਹੈ। ਮੋਬਾਈਲ ਟਰੱਕ ਵਿਚ ਘੁੰਮਦੇ ਹੋਏ ਬਾਇਡੇਨ ਤੋਂ ਕੁਝ ਸਵਾਲ ਪੁੱਛੇ ਹਨ : 'ਹੇ ਜੋਏ, ਸਵਾਲ : 2005-2014 ਤੱਕ ਮੋਦੀ ਦੇ ਅਮਰੀਕਾ 'ਚ ਦਾਖ਼ਲ ਹੋਣ ਉੱਪਰ ਪਾਬੰਦੀ ਕਿਉਂ ਲਗਾਈ ਗਈ ਸੀ? ਜਵਾਬ : ਧਾਰਮਿਕ ਆਜ਼ਾਦੀ ਦੀ ਗੰਭੀਰ ਉਲੰਘਣਾ ਦਾ ਦੋਸ਼ ਸੀ। ਨਾਲ ਹੀ ਹੇਠਾਂ ਲਿਖਿਆ ਹੈ ਕਿ ਮੋਦੀ ਹੀ ਇਕੱਲਾ ਅਜਿਹਾ ਵਿਅਕਤੀ ਹੈ ਜਿਸ ਨੂੰ ਇਸ ਆਧਾਰ 'ਤੇ ਵੀਜ਼ਾ ਨਹੀਂ ਦਿੱਤਾ ਗਿਆ ਸੀ।

#CrimeMinisterOfIndia #BrijBhushanSingh #JusticeDelayedJusticeDenied ਵਰਗੇ ਹੈਸ਼ਟੈਗ ਨਾਲ ਇਸ ਟਰੱਕ ਨੂੰ ਅਮਰੀਕਨ ਨਾਗਰਿਕ ਨਿਊਯਾਰਕ ਦੀਆਂ ਸੜਕਾਂ ਉੱਪਰ ਦੇਖ ਰਹੇ ਹਨ।

20 ਜੂਨ, 2023 ਨੂੰ ਅਮਰੀਕੀ ਰਾਸ਼ਟਰਪਤੀ ਜੋਏ ਬਾਇਡੇਨ ਨੂੰ ਲਿਖੀ ਇਕ ਚਿੱਠੀ ਵਿਚ ਅਮਰੀਕੀ ਨੁਮਾਇੰਦਾ ਪ੍ਰਮਿਲਾ ਜੈਪਾਲ ਅਤੇ ਸੈਨੇਟਰ ਕ੍ਰਿਸ ਵੇਲ ਹੋਲੇਨ ਦੇ ਨਾਲ 70 ਤੋਂ ਵੱਧ ਨੁਮਾਇੰਦਿਆਂ ਅਤੇ ਸੈਨੇਟਰਾਂ ਨੇ ਉਸ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮਿਲਣੀ ਸਮੇਂ ਮਨੁੱਖੀ ਅਧਿਕਾਰਾਂ ਅਤੇ ਜਮਹੂਰੀ ਅਧਿਕਾਰਾਂ ਬਾਰੇ ਚਰਚਾ ਕਰਨ ਲਈ ਜ਼ੋਰ ਪਾਇਆ ਹੈ। ਚਿੱਠੀ ਵਿਚ ਦੁਨੀਆ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਪੁਰਾਣੇ ਲੋਕਤੰਤਰ ਦਰਮਿਆਨ ਨਜ਼ਦੀਕੀ ਸੰਬੰਧਾਂ ਅਤੇ ਸਾਂਝੇ ਲੋਕਤੰਤਰੀ ਮੁੱਲਾਂ ਦਾ ਹਵਾਲਾ ਦਿੰਦੇ ਹੋਏ ਕਵਾਡ ਦੇ ਮਹੱਤਵਪੂਰਨ ਮੈਂਬਰ ਵਜੋਂ ਭਾਰਤ ਦੀ ਭੂਮਿਕਾ ਨੂੰ ਸਵੀਕਾਰ ਕੀਤਾ ਗਿਆ ਹੈ, ਪਰ ਇਸ ਦੇ ਨਾਲ ਹੀ ਚਿੱਠੀ ਵਿਚ ਕਿਹਾ ਗਿਆ ਹੈ ਕਿ ਮਜ਼ਬੂਤ ਅਮਰੀਕੀ-ਭਾਰਤੀ ਸੰਬੰਧਾਂ ਦਾ ਜ਼ੋਰਦਾਰ ਹਮਾਇਤੀ ਹੋਣ ਦੇ ਨਾਲ-ਨਾਲ ਸਾਡਾ ਤਕਾਜ਼ਾ ਇਹ ਵੀ ਹੈ ਕਿ ਦੋਸਤਾਂ ਨੂੰ ਆਪਸ ਵਿਚ ਆਪਣੇ ਮੱਤਭੇਦਾਂ ਬਾਰੇ ਖੁੱਲ੍ਹ ਕੇ ਅਤੇ ਇਮਾਨਦਾਰੀ ਨਾਲ ਗੱਲਬਾਤ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਮੱਤਭੇਦਾਂ ਨੂੰ ਦੂਰ ਕਰਨਾ ਚਾਹੀਦਾ ਹੈ।

ਰਾਸ਼ਟਰਪਤੀ ਬਾਇਡੇਨ ਨੂੰ ਲਿਖੇ ਇੱਕ ਪੱਤਰ ਵਿਚ, ਅਮਰੀਕੀ ਸੰਸਦ ਮੈਂਬਰਾਂ ਦਾ ਸਪੱਸ਼ਟ ਵਿਚਾਰ ਹੈ ਕਿ "ਅਸੀਂ ਭਾਰਤ ਵਿਚ ਸਿਆਸੀ ਮਾਹੌਲ ਦੇ ਲਗਾਤਾਰ ਸੁੰਗੜਨ ਬਾਰੇ ਕਈ ਨਿਰਪੱਖ ਅਤੇ ਭਰੋਸੇਯੋਗ ਰਿਪੋਰਟਾਂ ਤੋਂ ਜਾਣੂ ਹਾਂ। ਭਾਰਤ ਵਿਚ ਮਨੁੱਖੀ ਹੱਕਾਂ ਬਾਰੇ ਵਿਦੇਸ਼ ਮੰਤਰਾਲੇ ਦੀ 2022 ਦੀ ਰਿਪੋਰਟ ਰਾਜਨੀਤਕ ਹੱਕਾਂ ਅਤੇ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਪਾਬੰਦੀਆਂ ਨੂੰ ਉਜਾਗਰ ਕਰਦੀ ਹੈ। ਇਸੇ ਤਰ੍ਹਾਂ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਦੇ ਸਵਾਲ ਉੱਪਰ ਵਿਦੇਸ਼ ਵਿਭਾਗ ਦੀ 2022 ਦੀ ਰਿਪੋਰਟ ਵਿਚ ਭਾਰਤ ਵਿਚ ਘੱਟਗਿਣਤੀਆਂ ਵਿਰੁੱਧ ਵਧ ਰਹੀ ਧਾਰਮਿਕ ਅਸਹਿਣਸ਼ੀਲਤਾ ਅਤੇ ਨਿੱਜੀ ਤੇ ਸਰਕਾਰੀ ਚੈਨਲਾਂ ਰਾਹੀਂ ਧਾਰਮਿਕਤਾ ਆਧਾਰਤ ਹਿੰਸਾ ਦੀਆਂ ਘਟਨਾਵਾਂ ਦੇਖਣ 'ਚ ਆਈਆਂ ਹਨ।"

ਅਮਰੀਕਨ ਸੰਸਦ ਮੈਂਬਰਾਂ ਨੇ ਆਪਣੀ ਰਿਪੋਰਟ ਵਿਚ ਕਿਹਾ ਕਿ "ਰਿਪੋਰਟਰਜ਼ ਵਿਦਆਊਟ ਬਾਰਡਰਜ਼ ਨੇ ਆਪਣੀ ਰਿਪੋਰਟ ਵਿਚ ਦੱਸਿਆ ਹੈ ਕਿ ਭਾਰਤ ਜਿਸ ਨੂੰ ਪਿਛਲੇ ਸਮੇਂ ਵਿਚ ਇਸ ਦੀ ਸੁਤੰਤਰ ਅਤੇ ਜਿਉਂਦੀ-ਜਾਗਦੀ ਪ੍ਰੈੱਸ ਲਈ ਜਾਣਿਆ ਜਾਂਦਾ ਸੀ, ਅੱਜ ਪ੍ਰੈੱਸ ਦੀ ਆਜ਼ਾਦੀ ਦੇ ਮਾਮਲੇ ਵਿਚ ਇਸ ਦੀ ਦਰਜਾਬੰਦੀ ਕਾਫ਼ੀ ਗਿਰ ਗਈ ਹੈ। ਇੰਨਾ ਹੀ ਨਹੀਂ, ਐਕਸੈੱਸ ਨਾਓ ਅਨੁਸਾਰ, ਦੁਨੀਆ ਵਿਚ ਸਭ ਤੋਂ ਵੱਧ ਇੰਟਰਨੈੱਟ ਬੰਦ ਕਰਨ ਦੇ ਮਾਮਲੇ ਵਿਚ ਭਾਰਤ ਲਗਾਤਾਰ ਪੰਜ ਸਾਲਾਂ ਤੋਂ ਸਿਖ਼ਰਲੇ ਸਥਾਨ 'ਤੇ ਚਲਿਆ ਆ ਰਿਹਾ ਹੈ।

ਚਿੱਠੀ ਦੇ ਆਖ਼ਰੀ ਪੈਰੇ ਵਿਚ ਲਿਖਿਆ ਹੈ : "ਅਸੀਂ ਅਮਰੀਕਾ ਵਿਚ ਪ੍ਰਧਾਨ ਮੰਤਰੀ ਮੋਦੀ ਦਾ ਸਵਾਗਤ ਕਰਨ ਵਿਚ ਤੁਹਾਡੇ ਨਾਲ ਹਾਂ। ਅਸੀਂ ਭਾਰਤ ਅਤੇ ਸੰਯੁਕਤ ਰਾਜ ਦੇ ਲੋਕਾਂ ਦਰਮਿਆਨ ਡੂੰਘੇ ਅਤੇ ਨਿੱਘੇ ਸਬੰਧਾਂ ਦੇ ਹਮਾਇਤੀ ਹਾਂ। ਅਸੀਂ ਚਾਹੁੰਦੇ ਹਾਂ ਕਿ ਸਾਡਾ ਰਿਸ਼ਤਾ ਆਪਸੀ ਹਿੱਤਾਂ ਤੱਕ ਸੀਮਤ ਨਾ ਹੋਵੇ, ਸਗੋਂ ਸਾਂਝੀਆਂ ਕਦਰਾਂ-ਕੀਮਤਾਂ ਵਾਲਾ ਵੀ ਹੋਵੇ। ਅਸੀਂ ਕਿਸੇ ਖ਼ਾਸ ਭਾਰਤੀ ਰਾਜਨੇਤਾ ਜਾਂ ਰਾਜਨੀਤਕ ਪਾਰਟੀ ਦੀ ਹਮਾਇਤ ਨਹੀਂ ਕਰਦੇ-ਇਹ ਕੰਮ ਭਾਰਤ ਦੇ ਲੋਕਾਂ ਦਾ ਹੈ, ਪਰ ਅਸੀਂ ਉਨ੍ਹਾਂ ਮਹੱਤਵਪੂਰਨ ਸਿਧਾਂਤਾਂ ਦੇ ਹੱਕ 'ਚ ਹਾਂ, ਜੋ ਅਮਰੀਕੀ ਵਿਦੇਸ਼ ਨੀਤੀ ਦਾ ਮਹੱਤਵਪੂਰਨ ਹਿੱਸਾ ਹੋਣੇ ਚਾਹੀਦੇ ਹਨ। ਅਸੀਂ ਇਹ ਜਾਣਨਾ ਚ

ਅਗਲੇ ਸਾਲ ਦੀਆਂ ਚੋਣਾਂ ਲਈ ਬੇਅਸੂਲੇ ਹਰਬਿਆਂ ਦਾ ਚੱਕਰ ਸ਼ੁਰੂ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਲੋਕਤੰਤਰ ਦੇ ਇੱਕ ਹੋਰ ਵੱਡੇ ਮੇਲੇ ਲਈ ਭਾਰਤ ਤਿਆਰ ਹੋ ਰਿਹਾ ਹੈ। ਅਗਲੇ ਸਾਲ ਭਾਰਤ ਦੀ ਪਾਰਲੀਮੈਂਟ ਦੇ ਹੇਠਲੇ ਹਾਊਸ ਲੋਕ ਸਭਾ ਲਈ ਦੇਸ਼ ਦੇ ਲੋਕਾਂ ਨੇ ਆਪਣੀ ਰਾਏ ਦੇਣੀ ਅਤੇ ਪੰਜ ਸਾਲਾਂ ਲਈ ਅਗਲੀ ਸਰਕਾਰ ਦਾ ਮੱਥਾ ਡੇਲਣਾ ਹੈ। ਦੇਸ਼ ਦੇ ਤਖਤ ਉੱਤੇ ਕਬਜ਼ੇ ਦੀ ਵੱਧ ਜਾਂ ਘੱਟ ਝਾਕ ਰੱਖਦੀ ਹਰ ਵੱਡੀ-ਛੋਟੀ ਧਿਰ ਨੇ ਇਸ ਦੇ ਲਈ ਆਪਣਾ ਤਾਣ ਲਾਉਣਾ ਹੈ ਤੇ ਸਭ ਨੂੰ ਇਹ ਪਤਾ ਹੈ ਕਿ ਏਦਾਂ ਦੇ ਕੰਮ ਵਿੱਚ ਅਸੂਲਾਂ ਦੀ ਲਿਹਾਜ਼ਦਾਰੀ ਰੱਖਣ ਦੀ ਚਿੰਤਾ ਕਰਨ ਦਾ ਰਿਵਾਜ ਅੱਜਕੱਲ੍ਹ ਨਹੀਂ ਰਿਹਾ। ਸਾਮ-ਦਾਮ-ਦੰਡ-ਭੇਦ ਹਰ ਗੱਲ ਤੇ ਹਰ ਫਾਰਮੂਲਾ ਚੋਣ ਵਾਸਤੇ ਵਰਤਣ ਵਾਲੇ ਰਿਵਾਜ ਨੇ ਏਹੋ ਜਿਹਾ ਮਾਹੌਲ ਬਣਾ ਦਿੱਤਾ ਹੈ ਕਿ ਦੇਸ਼ ਦੀ ਇਸ ਸਭ ਤੋਂ ਵੱਡੀ ਚੋਣ ਦਾ ਚੇਤਾ ਆਉਂਦੇ ਸਾਰ ਵਤਨ ਅਤੇ ਵਤਨ ਵਾਸੀਆਂ ਦੀ ਚਿੰਤਾ ਕਰਨ ਵਾਲਿਆਂ ਦਾ ਮੱਥਾ ਠਣਕਣ ਲੱਗਦਾ ਹੈ। ਅਗਲੇ ਸਾਲ ਹੋਣ ਵਾਲੀ ਚੋਣ ਲਈ ਜ਼ਾਬਤਾ ਲੱਗਣ ਵਿੱਚ ਵੀ ਭਾਵੇਂ ਅਜੇ ਛੇ-ਸੱਤ ਮਹੀਨੇ ਬਾਕੀ ਹਨ, ਪਰ ਚਿੰਤਾ ਦੇ ਕਾਰਨ ਪੈਦਾ ਹੋਣ ਲੱਗ ਪਏ ਹਨ।

ਆਪਣੇ ਕੀਤੇ ਚੰਗੇ ਕੰਮ ਦੱਸ ਕੇ ਕੋਈ ਵੋਟਾਂ ਮੰਗਦਾ ਹੈ ਤਾਂ ਉਹ ਗਲਤ ਨਹੀਂ ਕਰਦਾ, ਇਹ ਲੋਕਤੰਤਰ ਦਾ ਗੁਣ ਸਮਝਿਆ ਜਾਵੇਗਾ, ਪਰ ਜਿੱਦਾਂ ਦੀ ਦੌੜ ਭਾਰਤ ਵਿੱਚ ਲੱਗੀ ਦਿਖਾਈ ਦੇਂਦੀ ਹੈ, ਉਸ ਵਿੱਚ ਅਸੂਲ ਪਾਲਣ ਦਾ ਕੰਮ ਕੋਈ ਨਹੀਂ ਹੁੰਦਾ, ਹੋਰ ਸਭ ਕੁਝ ਹੁੰਦਾ ਹੈ। ਆਮ ਲੋਕਾਂ ਨੂੰ ਮੁਫਤਖੋਰੀ ਦੇ ਚਸਕਾ ਵਧਾਉਣ ਦੇ ਮੁਕਾਬਲੇ ਖੁੱਲ੍ਹ ਕੇ ਹੁੰਦੇ ਹਨ ਤੇ ਦੂਸ਼ਣਬਾਜ਼ੀ ਵੀ। ਜਦੋਂ ਇਸ ਕੰਮ ਨਾਲ ਵੀ ਬੁੱਤਾ ਸਰਦਾ ਨਹੀਂ ਤਾਂ ਲੋਕਾਂ ਨੂੰ ਧਰਮ ਦੇ ਨਾਂਅ ਉੱਤੇ ਉਕਸਾਉਣ ਵਾਲਾ ਆਖਰੀ ਹਥਿਆਰ ਵਰਤਣ ਦਾ ਕੰਮ ਸ਼ੁਰੂ ਹੋ ਜਾਂਦਾ ਹੈ। ਇਸ ਵਾਰੀ ਕਰਨਾਟਕਾ ਵਿਧਾਨ ਸਭਾ ਚੋਣ ਦੇ ਨਤੀਜਿਆਂ ਪਿੱਛੋਂ ਇਹ ਹਰਬੇ ਵਰਤਣ ਦੀ ਲੋੜ ਹੋਰ ਵੱਧ ਤਿੱਖੀ ਹੋਣ ਲੱਗੀ ਹੈ। ਕਿਸੇ ਵਿਸ਼ੇਸ਼ ਪਾਰਟੀ ਜਾਂ ਕਿਸੇ ਆਗੂ ਦੀ ਗੱਲ ਇਸ ਵੇਲੇ ਅਸੀਂ ਨਹੀਂ ਕਰ ਰਹੇ, ਕਿਉਂਕਿ ਘੱਟ ਜਾਂ ਵੱਧ, ਕਈ ਧਿਰਾਂ ਇਹ ਕੰਮ ਕਰਨ ਦੇ ਰਾਹ ਪਈਆਂ ਦਿੱਸਦੀਆਂ ਹਨ। ਜਿਨ੍ਹਾਂ ਆਗੂਆਂ ਕੋਲ ਧਰਮ ਨਿਰਪੱਖਤਾ ਦੀ ਵਿਰਾਸਤ ਦੇ ਦਾਅਵੇ ਦਾ ਬੜਾ ਵੱਡਾ ਰਿਕਾਰਡ ਹੁੰਦਾ ਸੀ, ਉਹ ਵੀ ਅੱਜਕੱਲ੍ਹ ਇਸ ਕੰਮ ਵਿੱਚ ਕਈ ਤਰ੍ਹਾਂ ਦੀਆਂ ਹੱਦਾਂ ਟੱਪਣ ਲਈ ਤਿਆਰ ਹੋਣ ਲੱਗੀਆਂ ਹਨ, ਜਿਸ ਕਾਰਨ ਇਹ ਅਗੇਤਾ ਅਨੁਮਾਨ ਲੱਗਣ ਲੱਗ ਪਿਆ ਹੈ ਕਿ ਅਗਲੇ ਸਾਲ ਹੋਣ ਵਾਲੀ ਲੋਕ ਸਭਾ ਚੋਣ ਸੁਖ-ਸ਼ਾਂਤੀ ਨਾਲ ਹੋਣ ਦਾ ਬਹੁਤਾ ਯਕੀਨ ਨਹੀਂ।

ਭਾਰਤ ਦੇ ਲੋਕ ਧਰਮ ਦੇ ਨਾਂਅ ਉੱਤੇ ਬੜੀ ਛੇਤੀ ਉਕਸਾਏ ਅਤੇ ਭੜਕਾਏ ਜਾ ਸਕਦੇ ਹਨ ਅਤੇ ਏਸੇ ਵਿੱਚੋਂ ਕੁਝ ਸਿਆਸੀ ਧਿਰਾਂ ਅਤੇ ਸਿਆਸੀ ਆਗੂਆਂ ਨੂੰ ਆਪਣੀ ਰਾਜ ਕਰਨ ਦੀ ਭੁੱਖ ਪੂਰੀ ਕਰਨ ਜੋਗਾ ਰਾਹ ਦਿੱਸ ਪੈਂਦਾ ਹੈ। ਸੰਸਾਰ ਦੇ ਹਰ ਦੇਸ਼ ਵਿੱਚ ਬੀਤੇ ਸਮਿਆਂ ਜਾਂ ਬੀਤੀਆਂ ਸਦੀਆਂ ਵਿੱਚ ਜੰਗਾਂ ਹੁੰਦੀਆਂ ਰਹੀਆਂ ਸਨ, ਜਿਹੜੀਆਂ ਕਦੀ ਰਾਜ ਦੀਆਂ ਹੱਦਾਂ ਵਧਾਉਣ ਲਈ ਹੁੰਦੀਆਂ ਸਨ, ਕਦੀ ਇੱਕੋ ਰਾਜ ਵਿੱਚ ਸੱਤਾ ਦੇ ਹੱਕ ਲਈ ਅਤੇ ਕਈ ਵਾਰੀ ਕਿਸੇ ਖਾਸ ਧਰਮ ਦੇ ਵੱਡੇ ਜਾਂ ਛੋਟੇ ਹੋਣ ਦਾ ਮੁੱਦਾ ਬਣਾ ਕੇ ਵੀ ਹੋਈਆਂ ਸਨ। ਜਿਹੜੇ ਦੇਸ਼ਾਂ ਨੇ ਉਨ੍ਹਾਂ ਜੰਗਾਂ ਨੂੰ ਇਤਹਾਸ ਦਾ ਇੱਕ ਜਾਂ ਦੂਸਰਾ ਚੈਪਟਰ ਮੰਨ ਲਿਆ ਤੇ ਉਸ ਨੂੰ ਮੁੱਦਾ ਬਣਾ ਕੇ ਆਮ ਲੋਕਾਂ ਵਿੱਚ ਕਿਸੇ ਤਰ੍ਹਾਂ ਦੀ ਵੱਡੀ ਬਹਿਸ ਅੱਗੇ ਵਧਣੋਂ ਰੋਕ ਲਈ, ਉਹ ਦੇਸ਼ ਫਿਰ ਅੱਗੇ ਵਧਦੇ ਗਏ ਤੇ ਜਿਹੜੇ ਦੇਸ਼ ਇਤਹਾਸ ਦੇ ਪੱਥਰਾਂ ਨੂੰ ਠੁੱਡੇ ਮਾਰਨ ਰੁਝ ਗਏ, ਓਥੇ ਲੋਕਾਂ ਵਿਚਾਲੇ ਵਧਦੇ ਮੱਤਭੇਦ ਇਤਹਾਸਕ ਚੈਪਟਰਾਂ ਨੂੰ ਦੁਹਰਾਉਣ ਦਾ ਕਾਰਨ ਬਣਦੇ ਗਏ। ਸੰਸਾਰ ਦੇ ਦੇਸ਼ਾਂ ਦੇ ਇਸ ਕੌੜੇ ਅਤੇ ਫਿੱਕੇ ਦੋਵਾਂ ਕਿਸਮਾਂ ਦੇ ਤਜਰਬੇ ਤੋਂ ਭਾਰਤੀ ਲੋਕਾਂ ਨੂੰ ਵੀ ਸਿੱਖਣਾ ਚਾਹੀਦਾ ਹੈ ਤੇ ਲੀਡਰਾਂ ਨੂੰ ਵੀ, ਪਰ ਜਦੋਂ ਲੀਡਰ ਹੀ ਸਿੱਖਣ ਦੀ ਥਾਂ ਆਮ ਲੋਕਾਂ ਨੂੰ ਕੁਰਾਹੇ ਪਾਉਣ ਤੁਰ ਪੈਣ ਤਾਂ ਮੁਲਕ ਮੰਦੇ ਹਾਲ ਵਿੱਚ ਫਸ ਜਾਣ ਦਾ ਡਰ ਹੁੰਦਾ ਹੈ।

ਅਸੀਂ ਫਿਰ ਇਹ ਗੱਲ ਕਹਿ ਦੇਈਏ ਕਿ ਅਜੇ ਚੋਣਾਂ ਦੀ ਪ੍ਰਕਿਰਿਆ ਸ਼ੁਰੂ ਹੋਣ ਵਿੱਚ ਅੱਧੇ ਸਾਲ ਦੇ ਕਰੀਬ ਬਾਕੀ ਹੈ, ਪਰ ਉਸ ਵਕਤ ਦੀ ਉਡੀਕ ਕਰਨ ਦੀ ਥਾਂ ਕੁਝ ਧਿਰਾਂ ਅਗੇਤਾ ਹੀ ਵਿਵਾਦਾਂ ਦੇ ਕਾਰਨ ਪੈਦਾ ਕਰਨ ਲੱਗ ਪਈਆਂ ਤੇ ਇਨ੍ਹਾਂ ਨੂੰ ਅਗਲੀ ਚੋਣ ਦਾ ਮੁੱਦਾ ਦੱਸਣ ਲੱਗ ਪਈਆਂ ਹਨ। ਚੋਣਾਂ ਦੀ ਲੋੜ ਲਈ ਫਿਲਮਾਂ ਬਣਾਉਣ ਅਤੇ ਪ੍ਰਚਾਰਨ ਅਤੇ ਇਨ੍ਹਾਂ ਦਾ ਲਾਭ ਲੈਣ ਦਾ ਇਹ ਕੰਮ ਇੰਦਰਾ ਗਾਂਧੀ ਵੇਲੇ ਬਣੀ 'ਆਂਧੀ' ਜਾਂ 'ਕਿੱਸਾ ਕੁਰਸੀ ਕਾ' ਆਦਿ ਫਿਲਮ ਨਾਲ ਵੀ ਹੋਇਆ ਸੀ, ਪਰ ਅੱਜਕੱਲ੍ਹ ਜਿੱਦਾਂ ਦੀਆਂ ਕੁਝ ਖਾਸ ਚੋਭ ਲਾਉਂਦੀਆਂ ਫਿਲਮਾਂ ਬਣਨ ਅਤੇ ਫਿਰ ਝਟਾ-ਪਟ ਰਿਲੀਜ਼ ਹੋਣ ਲੱਗ ਪਈਆਂ ਹਨ, ਉਨ੍ਹਾਂ ਜਿੰਨੀ ਹੱਦ ਅੱਗੇ ਕਦੇ ਨਹੀਂ ਟੱਪੀ ਗਈ। ਫਿਲਮ ਕਲਾਕਾਰ ਸਿਆਸਤ ਵੱਲ ਪਹਿਲਾਂ ਵੀ ਜਾਂਦੇ ਸਨ ਤੇ ਕਈ ਵਾਰੀ ਕੁਝ ਸਮੇਂ ਬਾਅਦ 'ਅੰਗੂਰ ਖੱਟੇ' ਵੇਖ ਕੇ ਪਾਸੇ ਹਟ ਜਾਂਦੇ ਰਹੇ। ਰਾਜੀਵ ਗਾਂਧੀ ਦੇ ਬਚਪਨ ਦੇ ਸਾਥੀ ਅਮਿਤਾਭ ਬੱਚਨ ਨੂੰ ਇੱਕ ਵਾਰ ਇਹੋ ਜਿਹਾ ਸਿਆਸੀ ਜੋਸ਼ ਚੜ੍ਹਿਆ ਸੀ, ਪਰ ਅਗਲੀ ਚੋਣ ਤੋਂ ਪਹਿਲਾਂ ਉਹ ਸਾਰਾ ਕੁਝ ਛੱਡ ਕੇ ਵਾਪਸ ਫਿਲਮ-ਨਗਰੀ ਵਿੱਚ ਜਾ ਵੜਿਆ ਸੀ। ਅੱਜਕੱਲ੍ਹ ਕੁਝ ਫਿਲਮੀ ਹਸਤੀਆਂ ਦੇ ਰੰਗ ਏਨੇ ਨਿਰਾਲੇ ਹਨ ਕਿ ਉਨ੍ਹਾਂ ਦਾ ਪਹਿਲਾ ਮੋਹ ਫਿਲਮਾਂ ਜਾਂ ਕਲਾਕਾਰੀ ਨਹੀਂ, ਸਗੋਂ ਫਿਲਮਾਂ ਦੇ ਕਿਸੇ ਵੱਡੇ ਪਤੂੱਲ ਤੋਂ ਛਾਲ ਮਾਰਨ ਤੇ ਸੱਤਾ ਦੇ ਗਲਿਆਰਿਆਂ ਵਿੱਚ ਪਹੁੰਚਣ ਦਾ ਹੁੰਦਾ ਜਾਂਦਾ ਹੈ। ਅਸੀਂ ਬੀਤੇ ਦਿਨੀਂ ਇੱਕ ਨਵੇਂ ਉੱਭਰ ਰਹੇ ਕਲਾਕਾਰ ਦੀ ਇੰਟਰਵਿਊ ਸੁਣੀ, ਜਿਸ ਦੀ ਪਹਿਲੀ ਫਿਲਮ ਹੀ ਧਾਰਮਿਕ ਮੁੱਦੇ ਬਾਰੇ ਵਿਵਾਦ ਕਾਰਨ ਚੋਖੀ ਕਮਾਈ ਦਾ ਰਾਹ ਖੋਲ੍ਹਣ ਵਾਲੀ ਸਾਬਤ ਹੋਈ ਸੀ। ਉਸ ਨੂੰ ਉਸ ਦੀ ਪਹਿਲੀ ਫਿਲਮ ਦੇ ਤਜਰਬੇ ਪਿੱਛੋਂ ਭਵਿੱਖ ਦੀ ਉਡਾਣ ਬਾਰੇ ਪੁੱਛਿਆ ਗਿਆ ਕਿ ਰਾਜਨੀਤੀ ਵਿੱਚ ਆਉਣਾ ਵੀ ਪਸੰਦ ਕਰੇਗਾ ਜਾਂ ਨਹੀਂ। ਉਸ ਨੇ ਸਾਫ ਕਿਹਾ ਸੀ ਕਿ ਉਸ ਦਾ ਸਫਰ ਫਿਲਮਾਂ ਬਣਾਉਣ ਤੱਕ ਸੀਮਤ ਨਹੀਂ, ਉਹ ਭਵਿੱਖ ਵਿੱਚ ਰਾਜਨੀਤੀ ਵਿੱਚ ਆਣ ਕੇ ਦੇਸ਼ ਦੀ ਇੱਕ ਖਾਸ ਕਿਸਮ ਦੀ ਸੇਵਾ ਕਰਨ ਬਾਰੇ ਮੁੱਢਲੇ ਦਿਨਾਂ ਤੋਂ ਸੋਚਦਾ ਰਿਹਾ ਹੈ। ਇਹ 'ਸੁਫਨਿਆਂ ਦੀ ਪੂਰਤੀ' ਦੇ ਰੁਝਾਨ ਦਾ ਇੱਕ ਗੁੱਝਾ ਤੇ ਖਤਰਨਾਕ ਸੰਕੇਤ ਹੋ ਸਕਦਾ ਹੈ।

ਪਹਿਲਾਂ ਕਿਹਾ ਜਾਂਦਾ ਸੀ ਕਿ ਇਨਾਮਾਂ ਲਈ ਕੰਮ ਨਹੀਂ ਕੀਤੇ ਜਾਂਦੇ, ਕੀਤੇ ਕੰਮ ਲਈ ਇਨਾਮ ਆਪੇ ਮਿਲਦੇ ਹਨ। ਅੱਜਕੱਲ੍ਹ ਕਈ ਕਲਾਕਾਰ ਮੁੱਢੋਂ ਹੀ ਕਹਿਣ ਲੱਗਦੇ ਹਨ ਕਿ ਅਗਲੇ ਯਤਨ ਵਿੱਚ ਉਹ ਕਿਸੇ ਵੱਡੇ ਐਵਾਰਡ ਤੱਕ ਪਹੁੰਚ ਦੀ ਇੱਛਾ ਰੱਖਦੇ ਹਨ। ਏਦਾਂ ਹੀ ਪਹਿਲਾਂ ਕਿਹਾ ਜਾਂਦਾ ਸੀ ਕਿ ਰਾਜਨੀਤੀ ਲਈ ਕਿਸੇ ਕਲਾਕਾਰ ਨੂੰ ਖੁਦ ਯਤਨ ਕਰਨ ਦੀ ਲੋੜ ਨਹੀਂ, ਕੀਤੇ ਕੰਮਾਂ ਕਾਰਨ ਕੋਈ ਪਾਰਟੀ ਕੱਲ੍ਹ-ਕਲੋਤਰ ਨੂੰ ਗੁਣਾ ਪਾਉਣ ਬਾਰੇ ਸੋਚੇ ਤਾਂ ਇਸ ਦਾ ਹੁੰਗਾਰਾ ਭਰਨ ਜਾਂ ਲਾਂਭੇ ਰਹਿਣ ਬਾਰੇ ਓਦੋਂ ਸੋਚਿਆ ਜਾ ਸਕਦਾ ਹੈ। ਪਿਛਲੇ ਦਿਨਾਂ ਵਿੱਚ ਆਈਆਂ ਕੁਝ ਫਿਲਮਾਂ ਜਾਂ 'ਫਾਈਲਾਂ' ਨੇ ਇਸ ਸੋਚ ਨੂੰ ਵੀ ਉਲਟਾ ਕਰ ਦਿੱਤਾ ਹੈ। ਸਿਆਸੀ ਸੁਫਨੇ ਨਾਲ ਨਸ਼ਿਆਏ ਹੋਏ ਬਹੁਤ ਸਾਰੇ ਲੋਕ ਇਸ ਲਈ ਕਲਾਕਾਰ ਬਣੇ ਜਾਪਣ ਲੱਗੇ ਹਨ ਕਿ ਇਸ ਬਹਾਨੇ ਦੇਸ਼ ਦੀ ਪਾਰਲੀਮੈਂਟ ਜਾਂ ਕਿਸੇ ਰਾਜ ਦੀ ਵਿਧਾਨ ਸਭਾ ਵਿੱਚ ਅਤੇ ਫਿਰ ਉਸ ਰਾਜ ਦੀ ਸਰਕਾਰ ਵਿੱਚ ਪੈਰ-ਧਰਾਵਾ ਕਰਨ ਦਾ ਰਾਹ ਬਣ ਸਕਦਾ ਹੈ। ਇਹ ਸੁਫਨੇ ਕੁਝ ਰਾਜਸੀ ਸੰਕੇਤ ਦੇਂਦੇ ਹਨ।

ਭਾਰਤ ਦੇ ਇੱਕ ਬੜੇ ਚਰਚਿਤ ਪੱਤਰਕਾਰ, ਜਿਸ ਦੀ ਤਨਖਾਹ ਦੇ ਅੰਕੜੇ ਜਦੋਂ ਵੀ ਆਉਂਦੇ ਹਨ ਤਾਂ ਬਹੁਤ ਸਾਰੇ ਨੌਜਵਾਨਾਂ ਦਾ ਉਸ ਵਰਗੇ ਬਣਨ ਨੂੰ ਮਨ ਕਰਦਾ ਹੈ, ਬਾਰੇ ਪੁਰਾਣੀ ਕਹਾਣੀ ਮੁੜ-ਮੁੜ ਬਾਹਰ ਆਉਂਦੀ ਅਤੇ ਫਿਰ ਦੱਬੀ ਜਾਂਦੀ ਹੈ। ਕੋਈ ਡੇਢ ਦਹਾਕਾ ਪਹਿਲਾਂ ਜਦੋਂ ਉਹ ਹਾਲੇ ਨਵਾਂ ਸੀ, ਉਸ ਨੇ ਇੱਕ ਮਸਾਲੇਦਾਰ ਖਬਰ ਦੀ ਪੇਸ਼ਕਾਰੀ ਕੀਤੀ ਸੀ, ਜਿਸ ਵਿੱਚ ਟਿਊਸ਼ਨ ਪੜ੍ਹਾਉਣ ਵਾਲੀ ਇੱਕ ਲੜਕੀ ਉੱਤੇ ਆਪਣੇ ਕੋਲ ਪੜ੍ਹਨ ਆਉਂਦੀਆਂ ਬੱਚੀਆਂ ਤੋਂ ਗਲਤ ਕੰਮ ਕਰਾਉਣ ਦਾ ਦੋਸ਼ ਲਾਇਆ ਗਿਆ ਸੀ। ਅਗਲੇ ਦਿਨ ਰੌਲਾ ਪੈ ਗਿਆ ਤਾਂ ਉਸ ਟਿਊਸ਼ਨ ਟੀਚਰ ਦੇ ਸਕੂਲ ਵਿੱਚ ਲੋਕਾਂ ਨੇ ਭੰਨ-ਤੋੜ ਕਰ ਦਿੱਤੀ ਅਤੇ ਉਸ ਕੁੜੀ ਦਾ ਭਵਿੱਖ ਵੀ ਖਰਾਬ ਹੋ ਗਿਆ। ਪਿੱਛੋਂ ਇਹ ਪਤਾ ਲੱਗਾ ਸੀ ਕਿ ਸਾਰੀ ਸਟੋਰੀ ਉਸ ਪੱਤਰਕਾਰ ਨੇ ਆਪਣੀ ਸਨਸਨੀਖੇਜ਼ ਪੱਤਰਕਾਰੀ ਦਾ ਪੱਕਾ ਮੁੱਢ ਬੰਨ੍ਹਣ ਲਈ ਝੂਠੀ ਤਿਆਰ ਕੀਤੀ ਸੀ। ਪਿੱਛੋਂ ਉਸ ਪੱਤਰਕਾਰ ਉੱਤੇ ਏਦਾਂ ਦੇ ਕਈ ਹੋਰ ਵੀ ਦੋਸ਼ ਲੱਗਦੇ ਰਹੇ ਸਨ। ਜਦੋਂ ਏਦਾਂ ਦੇ ਕਿਸੇ ਆਦਮੀ ਨੂੰ ਆਪਣੇ ਖੇਤਰ, ਉਹ ਫਿਲਮਾਂ ਦਾ ਖੇਤਰ ਹੋਵੇ, ਸਿਆਸਤ ਦਾ ਜਾਂ ਪੱਤਰਕਾਰੀ ਦਾ, ਵਿੱਚ ਇਸ ਬੇਹੂਦਗੀ ਦੀ ਪੌੜੀ ਚੜ੍ਹ ਕੇ ਕਮਾਊ-ਪੁੱਤ ਬਣੇ ਵੇਖਿਆ ਜਾਂਦਾ ਹੈ ਤਾਂ ਇਹ ਮਿਸਾਲ ਉੱਭਰਦੀ ਉਮਰ ਦੇ ਕਈ ਨੌਜਵਾਨਾਂ ਨੂੰ ਏਦਾਂ ਦੇ ਰਾਹ ਪੈਣ ਨੂੰ ਉਕਸਾ ਸਕਦੀ ਹੈ। ਇਹੋ ਗੱਲ ਰਾਜਸੀ ਖੇਤਰ ਵਿੱਚ ਬੇਈਮਾਨੀ, ਝੂਠ ਤੇ ਸਿਰਫ ਚੋਣ ਜਿੱਤਣ ਲਈ ਲੋਕਾਂ ਨੂੰ ਆਪੋ ਵਿੱਚ ਲੜਨ-ਮਰਨ ਲਈ ਉਕਸਾਉਣ ਵਾਲੇ ਆਗੂ ਦੀ ਸਫਲਤਾ ਪਿੱਛੋਂ ਉਸ ਦੇ ਤਜਰਬੇ ਕਾਰਨ ਕੁਝ ਹੋਰਨਾਂ ਨੂੰ ਉਹੋ ਕੁਝ ਕਰਨ ਦੇ ਲਈ ਉਕਸਾ ਸਕਦੀ ਹੈ, ਜਿਹੜੇ ਉਸ ਵਾਂਗ ਰਾਜਸੀ ਸੱਤਾ ਦੇ ਆਕਾਸ਼ ਵਿੱਚ ਗੁੱਡੀ ਚੜ੍ਹਦੀ ਹੋਈ ਵੇਖਣ ਬਾਰੇ ਸੁਫਨੇ ਲੈਂਦੇ ਹੋਣਗੇ। ਬਦਕਿਸਮਤੀ ਨਾਲ ਇਹੋ ਜਿਹੇ ਕਈ ਸੰਕੇਤ ਇਸ ਵਾਰੀ ਅਗੇਤੇ ਮਿਲਣ ਲੱਗੇ ਹਨ। ਭਾਰਤੀ ਲੋਕਾਂ ਨੂੰ ਅਗਲੇ ਸਾਲ ਲਈ ਇਹ ਸੋਚ ਕੇ ਤਿਆਰ ਨਹੀਂ ਹੋਣਾ ਚਾਹੀਦਾ ਕਿ ਇੱਕ ਹੋਰ ਚੋਣ ਵਿੱਚ ਆਗੂ ਚੁਣਨ ਦਾ ਕੰਮ ਕਰਨਾ ਹੈ, ਇਸ ਦੀ ਬਜਾਏ ਇਹ ਸੋਚਣਾ ਚਾਹੀਦਾ ਹੈ ਕਿ ਇਸ ਦੇਸ਼ ਨੂੰ ਰੁੜ੍ਹਨ ਤੋਂ ਬਚਾਉਣ ਦਾ ਫਰਜ਼ ਵੀ ਸਾਡੀ ਪੀੜ੍ਹੀ ਦੇ ਸਿਰ ਹੈ।

ਜਿਹੜਾ ਲੋਕਤੰਤਰ ਸਾਡੇ ਤੋਂ ਪਹਿਲਿਆਂ ਨੇ ਸਾਡੇ ਲਈ ਸਿਰਜਿਆ ਸੀ ਤੇ ਇਸ ਦੇ ਲਈ ਘਾਲਣਾਂ ਘਾਲੀਆਂ ਸਨ, ਉਹ ਸਿਰਫ ਸਾਡੇ ਵਾਸਤੇ ਨਹੀਂ, ਅਗਲੀਆਂ ਪੀੜ੍ਹੀਆਂ ਨੂੰ ਵੀ ਚਾਹੀਦਾ ਹੈ। ਇਹ ਗੱਲ ਕੋਈ ਕਿਉਂ ਨਹੀਂ ਸੋਚਦਾ!

ਲਾਲੂ ਜੀ ਦੇ ਵਿਅੰਗ ਦੀ ਡੂੰਘਾਈ

ਸੁਲਝਦੇ ਸਵਾਲ

ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਇਹ ਗੱਲ ਸੱਚ ਦੇ ਕਿੰਨੇ ਨੇੜੇ ਹੈ ਕਿ ਜਦ-ਜਦ ਵੀਹ ਸੌ ਚੌਵੀ (2024) ਨੇੜੇ ਆ ਰਿਹਾ ਹੈ, ਤਦ-ਤਦ ਰਾਜ ਕਰਦੀ ਭਾਜਪਾ ਦੀ ਡਰ ਕਾਰਨ ਧੜਕਣ ਤੇਜ਼ ਹੋ ਰਹੀ ਹੈ। ਕਾਰਨ? ਸਾਫ਼ ਹੈ ਕਿ ਅਜੋਕੇ ਪ੍ਰਧਾਨ ਮੰਤਰੀ ਆਪਣੀ ਦੂਜੀ ਵਾਰੀ ਚੁਣ ਹੋ ਕੇ ਆਪਣੇ ਦਸਾਂ ਸਾਲਾਂ 'ਚੋਂ ਨੌਂ ਸਾਲ ਪੂਰੇ ਕਰ ਚੁੱਕਾ ਹੈ। ਫਿਰ ਵੀ ਭਿਖਾਰੀਆਂ ਦੀ ਤਰ੍ਹਾਂ ਛੋਟੇ ਤੋਂ ਛੋਟੇ ਸੂਬੇ ਦੇ ਦੌਰੇ ਹੋ ਰਹੇ ਹਨ। ਅੱਜ ਵੀ ਹਿੰਦੂ-ਮੁਸਲਮਾਨ-ਸਭ ਲਈ ਇਕ ਸਾਰ ਸਿਵਲ ਕੋਡ ਦਾ ਕਾਨੂੰਨ ਬਣਾਉਣ ਲਈ ਵੋਟਾਂ ਨੇੜੇ ਨਵਾਂ ਵਿਵਾਦ ਸ਼ੁਰੂ ਕਰ ਦਿੱਤਾ ਹੈ। ਜਿਸ ਸੰਵਿਧਾਨ ਦੀ ਅੰਬੇਡਕਰ ਜੀ ਨੇ ਕਾਨੂੰਨ ਬਣਾਉਣ ਵਾਲੀ ਕਮੇਟੀ ਦੀ ਚੇਅਰਮੈਨੀ ਕੀਤੀ। ਜਿਸ ਸੰਵਿਧਾਨ ਦੀ ਸਹੁੰ ਖਾ ਕੇ ਆਹੁਦਾ ਸੰਭਾਲਿਆ, ਉਸ ਦੀ ਭਾਵਨਾ ਤੋਂ ਲਾਂਭੇ ਜਾ ਕੇ ਉਸ ਨੂੰ ਬਦਲਣ ਦੀ ਗੱਲ ਹੋ ਰਹੀ ਹੈ ਤਾਂ ਕਿ ਛੋਟੀਆਂ ਅਤੇ ਪੱਛੜੀਆਂ ਜਾਤਾਂ ਨੂੰ ਤੰਗ ਕਰਕੇ ਵੱਡੀਆਂ ਜਾਤਾਂ ਨੂੰ ਖੁਸ਼ ਕਰਕੇ ਵੋਟ ਬੈਂਕ ਵਧਾਇਆ ਜਾ ਸਕੇ।

ਤੁਹਾਨੂੰ ਯਾਦ ਹੋਵੇਗਾ ਕਿ ਜਦ ਦੂਜੀ ਵਾਰ ਬਣੇ ਭਾਰਤੀ ਜਨਤਾ ਪਾਰਟੀ ਦੇ ਮਹਾਨ ਨੇਤਾ ਸ੍ਰੀ ਅਟਲ ਬਿਹਾਰ ਵਾਜਪਾਈ ਨੂੰ ਦੂਜਾ ਕਾਰਜ-ਕਾਲ ਪੂਰਾ ਹੋਣ ਤੋਂ ਪਹਿਲਾਂ ਹੀ ਚੱਲਦਾ ਕਰਨ ਲਈ ਪਾਰਲੀਮੈਂਟ ਵਿੱਚ ਬਹਿਸ ਹੋ ਰਹੀ ਸੀ, ਤਦ ਲਾਲੂ ਜੀ ਨੇ ਆਪਣੇ ਭਾਸ਼ਣ ਦੌਰਾਨ ਚੁਟਕੀ ਲੈਂਦੇ ਹੋਏ ਕਿਹਾ ਸੀ ਅਤੇ ਟਿੱਚਰ ਦੇ ਲਹਿਜੇ ਵਿੱਚ ਕਿਹਾ ਸੀ ਕਿ ਅਟਲ ਜੀ ਤੁਹਾਡੇ ਬਾਰੇ ਇੱਕ ਮਰਹੂਮ ਪ੍ਰਧਾਨ ਮੰਤਰੀ ਸ੍ਰੀ ਨਹਿਰੂ ਜੀ ਨੇ ਆਖਿਆ ਸੀ ਕਿ ਅਟਲ ਜੀ ਤੁਸੀਂ ਇੱਕ ਵਾਰ ਜ਼ਰੂਰ ਪ੍ਰਧਾਨ ਮੰਤਰੀ ਬਣੋਗੇ। ਅੱਥ ਤੋ ਦੋ ਵਾਰ ਹੋ ਗਿਆ" ਗੱਦੀ ਛੱਡੋ ਅਤੇ ਤੁਰਦੇ ਬਣੋ। ਤੁਹਾਨੂੰ ਯਾਦ ਹੋਵੇਗਾ ਕਿ ਘੱਟ-ਗਿਣਤੀ ਵਿੱਚ ਹੋਣ ਕਰਕੇ ਅਟਲ ਜੀ ਅਗਲੇ ਸਮੇਂ ਲਈ ਅਰਾਮ ਕਰਨ ਲਈ ਤੁਰਦੇ ਬਣੇ।" ਤੁਹਾਨੂੰ ਵੀ ਮਾਨ-ਸਨਮਾਨ ਨਾਲ ਗੱਦੀ ਤੋਂ ਲਾਂਭੇ ਹੋ ਜਾਣਾ ਚਾਹੀਦਾ ਹੈ। ਵਰਨਾ, ਜਨਤਾ ਇਸ ਵਾਰ ਪੂਰੀ ਤਿਆਗੀ 'ਚ ਹੈ।

ਵੀਹ ਸੌ ਚੌਵੀ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਭ ਵਿਰੋਧੀ ਪਾਰਟੀਆਂ ਆਪਣੇ ਏਕੇ ਵੱਲ ਵਧ ਰਹੀਆਂ ਹਨ। ਜਿਸ ਦੇ ਯਤਨ ਵਜੋਂ ਉਹ ਇੱਕ ਵਾਰ ਪਟਨਾ (ਬਿਹਾਰ) 'ਚ ਜੁੜ ਵੀ ਚੁੱਕੀਆਂ ਹਨ। ਇੱਕ ਹੋ ਕੇ

2-July-Sunday.qxd 7/1/2023 10:23 PM Page 4

ਸਮੁੰਦਰੀ ਸਫਰ ਰਾਹੀਂ ਦੇਖੀ ਦੁਨੀਆ ਦਾ ਜਲੌਅ

ਸਮੁੰਦਰਨਾਮਾ

(ਛੱਲਾਂ ਨਾਲ ਗੱਲਾਂ)
ਪਰਮਜੀਤ ਮਾਨ
ਪੰਨੇ : 216, ਮੁੱਲ : 200 ਰੁਪਏ
ਪੀਪਲਜ਼ ਫੋਰਮ, ਬਰਗਾੜੀ

ਕਿਤਾਬ ਦੀ ਪਰਖ ਪੜਚੋਲ



ਹਰਜਿੰਦਰ ਸਿੰਘ ਅਟਵਾਲ (ਡਾ.)

ਪੰਜਾਬੀ ਵਿੱਚ ਜੰਗਨਾਮਾ ਜ਼ਫ਼ਰਨਾਮਾ ਲਿਖਣ ਦੀ ਪ੍ਰੰਪਰਾ ਸ਼ਾਇਦ ਮੱਧਕਾਲ ਤੋਂ ਵੀ ਪਹਿਲਾਂ ਦੀ ਹੋਵੇ। ਆਧੁਨਿਕ ਕਾਲ ਵਿੱਚ ਸਫ਼ਰਨਾਮਾ ਲਿਖਣ ਨਾਲ ਕੋਈ ਲੇਖਕ ਇਸ ਹੱਦ ਤੱਕ ਨਾਮਣਾ ਖੱਟ ਲੈਂਦਾ ਹੈ ਕਿ ਉਸ ਦੇ ਨਾਲ 'ਸਫ਼ਰਨਾਮਾ' ਪੱਕੇ ਤੌਰ 'ਤੇ ਹੀ ਜੁੜ ਗਿਆ। ਅੱਜ ਇਹ ਤਾਂ ਹੋ ਸਕਦਾ ਹੈ ਕਿ ਬਲਦੇਵ ਸਿੰਘ ਕਹਿਣ ਨਾਲ ਪਾਠਕਾਂ ਨੂੰ ਥੋੜ੍ਹਾ ਭੁਲੇਖਾ ਪੈ ਜਾਵੇ, ਪਰ ਜੇ ਇਕੱਲਾ ਸਫ਼ਰਨਾਮਾ ਕਹਿ ਕੇ ਹੀ ਕੋਈ ਸੰਬੋਧਨ ਕਰ ਰਿਹਾ ਹੈ ਤਾਂ ਸੁਣਨ ਵਾਲੇ ਦੇ ਧਿਆਨ ਵਿੱਚ ਮੋਗੇ ਵਾਲਾ ਬਲਦੇਵ ਸਿੰਘ ਹੀ ਆਉਂਦਾ ਹੈ। ਪਰਮਜੀਤ ਮਾਨ ਦਾ ਕਾਵਿ ਸੰਗ੍ਰਹਿ ਸਾਗਰ ਦੇ ਸਫੇ 'ਤੇ ਕਹਾਣੀ ਸੰਗ੍ਰਹਿ ਸਮੁੰਦਰ ਦਾ ਆਦਮੀ ਅਤੇ ਰੇਤ ਦੇ ਘਰ ਵਿੱਚ ਉਹ ਸਮੁੰਦਰੀ ਜ਼ਿੰਦਗੀ ਬਾਰੇ ਕਾਫੀ ਕੁਝ ਕਹਿ ਚੁੱਕਾ ਹੈ, ਪਰ ਉਹ ਉਸ ਤਰ੍ਹਾਂ ਪੰਜਾਬੀ ਸਾਹਿਤ ਜਗਤ ਵਿੱਚ ਗੌਲਿਆ ਨਹੀਂ ਗਿਆ, ਜਿਸ ਤਰ੍ਹਾਂ ਚਾਹੀਦਾ ਸੀ। ਸਮੁੰਦਰੀ ਜਹਾਜ਼ ਵਿੱਚ ਜਿਹੜੇ ਅਨੁਭਵ ਉਸ ਨੇ ਹੰਢਾਏ, ਉਹਨਾ ਦਾ ਬੇਬਾਕੀ ਨਾਲ ਉਹ ਉਪਰੋਕਤ ਰਚਨਾਵਾਂ ਵਿੱਚ ਲਗਾਤਾਰ ਵਰਨਣ ਕਰਦਾ ਆ ਰਿਹਾ ਹੈ। ਇਸ ਸਿਲਸਿਲੇ ਨੂੰ ਹੀ ਉਹ ਅੱਗੇ ਤੋਰਦਾ ਹੋਇਆ 'ਸਮੁੰਦਰਨਾਮਾ' ਦੀ ਸਿਰਜਣਾ ਕਰਦਾ ਹੈ। ਇਸ ਦਾ ਉਪ ਸਿਰਲੇਖ ਉਹ 'ਛੱਲਾਂ ਨਾਲ ਗੱਲਾਂ' ਰੱਖਦਾ ਹੈ। ਪੰਜਾਬੀ ਗੀਤਕਾਰੀ ਵਿੱਚ ਸ਼ਾਇਦ 'ਰਾਵੀ ਦੀਆਂ ਛੱਲਾਂ' ਦੀ ਹੀ ਗੱਲ ਹੋਈ ਹੈ, ਸਮੁੰਦਰੀ ਛੱਲਾਂ ਦੀ ਨਹੀਂ। ਇੱਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਪੰਜਾਬ ਦਾ ਇਹ ਖਿੱਤਾ ਕਿਸੇ ਪਾਸਿਉਂ ਵੀ ਸਮੁੰਦਰ ਨਾਲ ਨਹੀਂ ਲੱਗਦਾ। ਵੀਹਵੀਂ ਸਦੀ ਦੇ ਚੌਥੇ ਤੋਂ ਛੇਵੇਂ ਦਹਾਕੇ ਤੱਕ ਪੰਜਾਬ ਤੋਂ ਪਰਾਈਆਂ ਧਰਤੀਆਂ 'ਤੇ ਆਰਥਿਕ ਹਾਲਤ ਸੁਧਾਰਨ ਹਿੱਤ ਗਏ ਪੰਜਾਬੀ ਭਾਵੇਂ ਸਮੁੰਦਰੀ ਸਫਰ ਦਾ ਅਨੁਭਵ ਹੰਢਾਉਂਦੇ ਰਹੇ ਹਨ, ਪਰ ਉਸ ਦਾ ਜ਼ਿਕਰ ਕਰਨ ਦੀ ਫੁਰਸਤ ਜਾਂ ਸਮਰੱਥਾ ਉਹਨਾ ਵਿੱਚ ਨਹੀਂ ਸੀ। ਉਂਜ ਵੀ ਸਮੁੰਦਰ ਸਾਡੇ ਲੋਕਾਂ ਲਈ ਮਾਨਣਯੋਗ ਨਾਲੋਂ ਹਊਆ ਵਧੇਰੇ ਰਿਹਾ ਹੈ, ਸਮੁੰਦਰੋਂ ਪਾਰ ਗਿਆ ਕਦੇ ਮੁੜੇ ਕਿ ਨਾ, ਇਹ ਤੌਖਲਾ ਅਤੇ ਸੋਚ ਵੀ ਪੰਜਾਬੀ ਹੰਢਾਉਂਦੇ ਆ ਰਹੇ ਹਨ, ਪਰ ਪਰਮਜੀਤ ਦੀ ਇਹ ਰਚਨਾ ਪੰਜਾਬੀਆਂ ਨੂੰ ਇਸ ਤੌਖਲੇ ਤੋਂ ਪਾਰ ਲੈ ਜਾਂਦੀ ਹੈ। ਇਸ ਰਾਹੀਂ ਉਹ ਆਪਣੇ ਲੋਕਾਂ ਲਈ ਸਮੁੰਦਰ ਦੀ ਇੱਕ ਅਜਿਹੀ ਦੁਨੀਆ ਸਿਰਜਣ ਦਾ ਯਤਨ ਕਰਦਾ ਹੈ, ਜੋ ਹਕੀਕਤ ਹੈ, ਅਦਭੁੱਤ ਹੈ, ਪੜ੍ਹਨਯੋਗ ਹੈ, ਮਾਨਣਯੋਗ ਹੈ, ਗਿਆਨਵਰਧਕ ਹੈ ਅਤੇ ਹੋਰ ਵੀ ਬਹੁਤ ਕੁਝ ਹੈ।

ਪੰਜਾਬੀ ਵਿੱਚ ਸਵੈ-ਜੀਵਨੀ ਅਤੇ ਸਫਰਨਾਮਾ ਲਿਖਣ ਦੀ ਅਮੀਰ ਪ੍ਰੰਪਰਾ ਹੈ। ਲੱਗਭੱਗ ਹਰ ਵੱਡੇ ਲੇਖਕ ਨੇ ਸਵੈ-ਜੀਵਨੀ ਲਿਖੀ ਹੈ, ਜਿਸ ਰਾਹੀਂ ਉਹ ਆਪਣੇ ਸਾਹਿਤਕ ਸਫਰ ਦੇ ਨਾਲ ਘਰ ਪਰਵਾਰ ਨੂੰ ਸਮਕਾਲੀ ਸਮਾਜਿਕ ਸੰਦਰਭ ਵਿੱਚ ਚਿਤਰਦਾ ਹੋਇਆ ਪ੍ਰਾਪਤ ਸਮਾਜਿਕ/ਰਾਜਨੀਤਕ ਵਿਵਸਥਾ ਉੱਪਰ ਸੰਕੇਤ ਟਿੱਪਣੀਆਂ ਵੀ ਕਰਦਾ ਜਾਂਦਾ ਹੈ ਅਤੇ ਆਪਣੀ ਗੱਲ ਵੀ ਕਹਿੰਦਾ ਜਾਂਦਾ ਹੈ। ਸਫਰਨਾਮਾ ਲਿਖਣ ਦੀ ਪ੍ਰੰਪਰਾ ਤਾਂ ਹੈ, ਪਰ ਇਸ ਨਾਲ ਜੁੜੀਆਂ ਮਿਆਰੀ ਰਚਨਾਵਾਂ ਪੋਟਿਆਂ 'ਤੇ ਗਿਣਨਯੋਗ ਹੀ ਹਨ। ਬਲਰਾਜ ਸਾਹਨੀ ਦੇ ਦੋਵੇਂ ਸਫਰਨਾਮੇ ਸ਼ਾਇਦ ਇਸ ਦੀ ਉੱਤਮ ਉਦਾਹਰਣ ਬਣ ਸਕਦੇ ਹਨ। ਭਾਵੇਂ ਅਜੋਕੇ ਸਮੇਂ ਵਿੱਚ ਸਾਡੇ ਲੇਖਕਾਂ ਵੱਲੋਂ ਵਿਦੇਸ਼ਾਂ ਦੀ ਸੈਰ (ਥੋੜ੍ਹੇ ਸਮੇਂ ਲਈ ਹੀ) ਕਰਕੇ ਕੁਝ ਇੱਕ ਅਜਿਹੇ ਸਫਰਨਾਮੇ ਵੀ ਲਿਖੇ ਹਨ, ਜੋ ਮੇਜ਼ਬਾਨਾਂ ਦੇ ਸੋਹਿਲੇ ਗਾਉਣ ਤੱਕ ਹੀ ਸੀਮਤ ਹੋ ਕੇ ਰਹਿ ਜਾਂਦੇ ਹਨ, ਪਰ ਫਿਰ ਵੀ ਕੁੱਝ ਇੱਕ ਪ੍ਰਤਿਭਾਵਾਨ ਲੇਖਕਾਂ ਨੇ ਇਸ ਯੁੱਗ ਵਿੱਚ ਵੀ ਅਜਿਹੇ ਸਫਰਨਾਮੇ ਲਿਖੇ ਹਨ, ਜੋ ਇਸ ਭੀੜ ਵਿੱਚੋਂ ਅਲੱਗ ਖੜੇ ਦਿਸਦੇ ਹਨ। ਇਹਨਾਂ ਦੋਵਾਂ ਸਾਹਿਤ ਰੂਪਾਂ ਦਾ ਜ਼ਿਕਰ ਕਰਨ ਦੀ ਲੋੜ ਤਾਂ ਪਈ ਕਿਉਂ ਜੋ ਪਾਠਕ ਜਦੋਂ ਪਰਮਜੀਤ ਦੀ ਇਸ ਪੁਸਤਕ ਨੂੰ ਪੜ੍ਹਨਾ ਆਰੰਭ ਕਰਦਾ ਹੈ ਤਾਂ ਪਹਿਲਾ ਪ੍ਰਭਾਵ ਇਹ ਬਣੇਗਾ ਕਿ ਉਹ ਸਵੈ-ਜੀਵਨੀ ਪੜ੍ਹਨ ਲੱਗਾ ਹੈ, ਪਰ ਜਦੋਂ ਉਹ ਥੋੜ੍ਹਾ ਅੱਗੇ ਵਧੇਗਾ ਤਾਂ ਉਸ ਨੂੰ ਸਮੁੰਦਰੀ ਜੀਵਨ ਅਤੇ ਇਸ ਨਾਲ ਜੁੜੇ ਲੋਕਾਂ ਦੀ ਜ਼ਿੰਦਗੀ ਝਲਕਦੀ ਅਤੇ ਧੜਕਦੀ ਨਜ਼ਰ ਆਵੇਗੀ ਅਤੇ ਨਾਲ ਹੀ ਸਮੁੰਦਰੀ ਜੀਵਨ ਦੇ ਯਾਦਗਾਰੀ ਅਨੁਭਵ ਵੀ ਪੇਸ਼ ਹੁੰਦੇ ਦਿਸਣਗੇ। ਇਸ ਕਰਕੇ ਮੈਂ ਆਪਣੇ ਇਸ ਪਰਚੇ ਦਾ ਸਿਰਲੇਖ ਸਮੁੰਦਰੀ ਸਫਰ ਰਾਹੀਂ ਦੇਖੀ ਦੁਨੀਆ ਦਾ ਜਲੌਅ ਰੱਖਿਆ ਹੈ। ਸਾਹਿਤ ਵਿੱਚ ਉਂਜ ਵੀ ਰਚਨਾ ਦੇ ਰੂਪ ਨਾਲੋਂ ਵਿਚਾਰ ਨੂੰ ਮਹੱਤਵ ਮਿਲਦਾ ਹੈ। ਰੂਪ ਨਾਲ ਥੋੜ੍ਹਾ-ਬਹੁਤ ਸਮਝੌਤਾ ਜਾਂ ਛੇੜ-ਛਾੜ ਹੋ ਸਕਣ ਦੀ ਗੁੰਜਾਇਸ਼ ਹੋ ਸਕਦੀ ਹੈ, ਪਰ 'ਵਿਚਾਰ' ਗੌਲਣਯੋਗ ਹੋਣਾ ਚਾਹੀਦਾ ਹੈ।

ਆਪਣੀ ਇਸ ਪੁਸਤਕ ਦੇ ਆਰੰਭ ਵਿੱਚ ਹੀ ਪਰਮਜੀਤ ਸਮੁੰਦਰ ਦੀ ਦੁਨੀਆ ਬਾਰੇ ਪਾਠਕਾਂ ਨੂੰ ਮੁੱਢਲੀ ਜਾਣਕਾਰੀ ਦੇ ਦਿੰਦਾ ਹੈ ਕਿ ਕੁੱਲ ਆਲਮ ਵਿੱਚ ਤਿੰਨ ਹਿੱਸੇ ਪਾਣੀ ਹੈ ਅਤੇ ਕੇਵਲ ਇੱਕ ਹਿੱਸਾ ਹੀ ਜ਼ਮੀਨ ਹੈ। ਪਾਣੀ ਦੇ ਇਹਨਾਂ ਤਿੰਨ ਹਿੱਸਿਆਂ ਨੂੰ ਵੱਖ-ਵੱਖ ਨਾਂਅ ਦਿੱਤੇ ਗਏ ਹਨ। ਜਿਵੇਂ ਹਿੰਦ ਮਹਾਂਸਾਗਰ, ਇੰਗਲਿਸ਼ ਚੈਨਲ, ਬੰਗਾਲ ਦੀ ਖਾੜੀ ਆਦਿ। ਫਿਰ ਉਹ ਬੰਦਰਗਾਹ, ਹਾਰਬਰ, ਬਰਥ ਆਦਿ ਦੇ ਵੱਖਰੇਵੇਂ ਬਾਰੇ ਵੀ ਸਪੱਸ਼ਟ ਕਰਦਾ ਜਾਂਦਾ ਹੈ। ਸਮੁੰਦਰ ਵਿੱਚੋਂ ਨਿਕਲਣ ਵਾਲੇ ਪਦਾਰਥ ਜਿਨ੍ਹਾਂ 'ਚ ਸੀ ਫੂਡ, ਤੇਲ ਗੈਸ ਆਦਿ ਮਹੱਤਵਪੂਰਨ ਹਨ। ਉਨ੍ਹਾ ਬਾਰੇ ਵੀ ਜਾਣਕਾਰੀ ਦੇ ਦਿੰਦਾ ਹੈ, ਕਿਉਂ ਜੋ ਅੱਗੇ ਜਾ ਕੇ ਇਹਨਾਂ ਦਾ ਜ਼ਿਕਰ ਹੋਣਾ ਹੈ।

ਪਰਮਜੀਤ ਆਪਣੀ ਜ਼ਿੰਦਗੀ ਦੀ ਗੱਲ ਆਰੰਭ ਕਰਦਿਆਂ 1967 ਵਾਲੇ ਸਾਲ ਦਾ ਜ਼ਿਕਰ ਕਰਦਾ ਹੈ, ਜਦੋਂ ਉਹ ਪਹਿਲੇ ਦਰਜੇ (60%) ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਦਸਵੀਂ ਪਾਸ ਕਰਦਾ ਹੈ। ਇਹ ਉਹ ਸਾਲ ਜਾਂ ਦਿਨ ਸਨ, ਜਦੋਂ ਪੰਜਾਬ ਖੇਤੀ ਪ੍ਰਧਾਨ ਸੂਬਾ ਹੁੰਦਿਆਂ-ਸੁੰਦਿਆਂ ਵੀ ਕਣਕ ਦੀ ਥੁੜ ਦਾ ਸਾਹਮਣਾ ਕਰਦਾ ਸੀ। ਭਾਵੇਂ ਮੁਲਕ ਨੂੰ ਆਜ਼ਾਦ ਹੋਇਆਂ ਦੋ ਦਹਾਕੇ ਹੋ ਚੁੱਕੇ ਸਨ, ਪਰ ਰੋਟੀ-ਰੋਜ਼ੀ ਦਾ ਪ੍ਰਬੰਧ ਨਹੀਂ ਸੀ ਹੋ ਸਕਿਆ ਤਾਂ ਹੀ ਪੰਜਾਬ ਦੇ 18 ਸਾਲ ਤੋਂ ਘੱਟ ਉਮਰ ਦੇ ਮੁੰਡੇ ਪਰਮਜੀਤ ਨੂੰ ਰੁਜ਼ਗਾਰ ਲਈ ਕਿਤੇ ਵੀ ਭਰਤੀ ਹੋਣ ਦੀ ਕਾਹਲ ਕਰਨੀ ਪੈਂਦੀ ਹੈ, ਜਦ ਕਿ ਇਹ ਉਮਰ ਹੋਣਹਾਰ ਵਿਦਿਆਰਥੀ ਲਈ ਅਜੇ ਹੋਰ ਪੜ੍ਹਨ ਦੀ ਸੀ। ਪਰਮਜੀਤ ਵਾਂਗ ਹੋਰ ਅਨੇਕਾਂ ਨੌਜੁਆਨਾਂ ਨਾਲ ਵੀ ਅਜਿਹਾ ਹੀ ਵਾਪਰਿਆ ਹੈ, ਜੋ ਵਿਵਸਥਾ ਵਿਚਲੀ ਕਾਣ ਕਰਕੇ ਉਹ ਕੁਝ ਕਰ ਨਹੀਂ ਸਕਦੇ, ਜੋ ਕਰਨ ਦੀ ਉਹਨਾ ਦੀ ਸਮਰੱਥਾ ਸੀ। ਪਰਮਜੀਤ ਚੰਗੀਆਂ ਕਹਾਣੀਆਂ ਵੀ ਲਿਖ ਲੈਂਦਾ ਹੈ, ਜਿਸ ਕਰਕੇ ਉਸ ਨੂੰ ਪਤਾ ਹੈ ਕਿ ਪਾਠਕ ਨੂੰ ਕਹਾਣੀ ਦੇ ਪਾਠ ਨਾਲ ਕਿਵੇਂ ਜੋੜ ਕੇ ਰੱਖਣਾ ਹੈ। ਇੱਥੇ ਵੀ ਉਹ ਜਦੋਂ ਭਰਤੀ ਹੋਣ ਲਈ ਜਾਂਦਾ ਹੈ, ਬਾਕੀ ਭਰਤੀ ਹੋਣ ਵਾਲਿਆਂ ਵਾਂਗ ਉਸ ਦੀ ਛਾਤੀ 'ਤੇ ਉਹ ਕੁਝ ਨਹੀਂ ਲਿਖਿਆ ਜਾਂਦਾ, ਜੋ ਦੂਜਿਆਂ ਦੀ ਛਾਤੀ 'ਤੇ ਸੀ, ਸਗੋਂ ਉਸ ਦੀ ਛਾਤੀ 'ਤੇ ਐੱਨ ਬੀ ਲਿਖ ਦਿੱਤਾ ਜਾਂਦਾ ਹੈ ਤੇ ਨਾਲ ਹੀ ਕਹਿ ਦਿੱਤਾ ਜਾਂਦਾ ਹੈ ਕਿ ਉਸ ਨੂੰ ਭਰਤੀ ਕਰ ਲਿਆ, ਪਰ ਜਦੋਂ ਨਾਲਦਿਆਂ ਦੀ ਸਿਖਲਾਈ ਵੀ ਸ਼ੁਰੂ ਹੋ ਜਾਂਦੀ ਹੈ ਤਾਂ ਉਸ ਦੇ ਪਤਾ ਕਰਨ 'ਤੇ ਇਸ ਐੱਨ ਬੀ ਦਾ ਭੇਤ ਖੁੱਲ੍ਹਦਾ ਹੈ 'ਨੇਵੀ ਬੁਆਏ'। ਇਸ ਤਰ੍ਹਾਂ ਰਹੱਸ ਨੂੰ ਅੰਤ ਤੱਕ ਕਾਇਮ ਰੱਖਣ ਦੀ ਜੁਗਤ ਇੱਕ ਕਹਾਣੀਕਾਰ ਹੀ ਵਰਤ ਸਕਦਾ ਸੀ। ਰੇਲ ਅਤੇ ਹਵਾਈ ਜਹਾਜ਼ ਦੇ ਸਫਰ ਦੌਰਾਨ ਆਈਆਂ ਮੁਸ਼ਕਲਾਂ, ਅੜਚਨਾਂ, ਵੱਖ-ਵੱਖ ਨੇਵਲ ਬੇਸ, ਨੇਵੀ ਦੇ ਵੱਖ-ਵੱਖ ਜਹਾਜ਼, ਨੇਵਲ ਬੈਟਰੀ, ਡੌਕਯਾਰਡ, ਨੇਵਲ ਗੈਰੀਜਿਨ, ਬੰਗਲਾ ਦੇਸ਼ ਦੀ ਲੜਾਈ ਸਮੇਂ ਕਰਾਚੀ 'ਤੇ ਬੰਬਾਰੀ ਆਦਿ ਦੇ ਵੇਰਵੇ ਦਿੰਦਾ-ਦਿੰਦਾ ਉਹ ਇੱਕ ਹੋਰ ਸੱਚ ਤੋਂ ਪਰਦਾ ਉਠਾਉਂਦਾ ਹੈ। ਨੇਵੀ ਦੀ ਇਹ ਰਵਾਇਤ ਹੈ ਕਿ ਜੇ ਜਹਾਜ਼ ਡੁੱਬ ਰਿਹਾ ਹੋਵੇ ਤਾਂ ਉਸ ਦਾ ਕਪਤਾਨ ਵੀ ਨਾਲ ਹੀ ਡੁੱਬਦਾ ਹੈ। ਕੈਪਟਨ ਮੁੱਲਾ ਦੀ ਉਦਾਹਰਣ ਦੇ ਕੇ ਉਹ ਆਪਣੇ ਇਸ ਤੱਥ ਨੂੰ ਸਪੱਸ਼ਟ ਕਰਦਾ ਹੈ। ਨੇਵੀ ਦੀ ਨੌਕਰੀ ਦੌਰਾਨ ਆਪਣੇ ਅਨੁਭਵਾਂ ਨੂੰ ਬਹੁਤਾ ਵਿਸਥਾਰ ਨਹੀਂ ਦਿੰਦਾ, ਸਗੋਂ ਸੰਖੇਪ 'ਚ ਹੀ ਬਿਆਨ ਕਰਦਾ ਹੈ, ਜਿਸ ਨਾਲ ਇਹ ਭਾਗ ਦਿਲਚਸਪ ਵੀ ਬਣਿਆ ਰਹਿੰਦਾ ਹੈ ਅਤੇ ਦੁਹਰਾਅ ਤੋਂ ਵੀ ਬਚ ਜਾਂਦਾ ਹੈ।

ਇਸ ਪੁਸਤਕ ਦੇ ਦੂਜੇ ਭਾਗ ਵਿੱਚ ਵਪਾਰਕ ਜਹਾਜ਼ਰਾਨੀ ਦਾ ਜ਼ਿਕਰ ਹੈ, ਜਿਸ ਨੂੰ ਆਮ ਤੌਰ 'ਤੇ 'ਮਰਚੈਂਟ ਨੇਵੀ' ਵੀ ਕਹਿ ਲਿਆ ਜਾਂਦਾ ਹੈ। ਅਸਲ ਵਿੱਚ ਸਮੁੰਦਰੀ ਫੌਜ ਦੀ ਥੋੜ੍ਹਚਿਰੀ ਨੌਕਰੀ ਅਤੇ ਬਾਅਦ ਵਿੱਚ ਮਿਲਣ ਵਾਲੀ ਪੈਨਸ਼ਨ ਨਾਲ ਬੰਦੇ ਦੀ ਆਰਥਿਕਤਾ ਪੈਰਾਂ-ਸਿਰ ਨਹੀਂ ਆਉਂਦੀ ਤਾਂ ਫਿਰ ਉਹ ਰਿਟਾਇਰ ਹੋਇਆ ਨੇਵਲ ਅਫਸਰ ਕਿਤੇ ਹੋਰ ਨੌਕਰੀ ਦੀ ਤਲਾਸ਼ ਕਰਦਾ ਹੈ। ਪੈਸਿਆਂ ਦੇ ਹਿਸਾਬ ਨਾਲ ਮਰਚੈਂਟ ਨੇਵੀ ਹੀ ਉਹਨਾਂ ਨੂੰ ਢੁੱਕਵੀਂ ਲੱਗਦੀ ਹੈ, ਉਂਜ ਭਾਵੇਂ ਇਹ ਜ਼ਿੰਦਗੀ ਏਡੀ ਕਠੋਰ ਹੈ ਕਿ ਕਈ-ਕਈ ਮਹੀਨੇ ਜ਼ਮੀਨ ਦੇਖੇ ਨੂੰ ਲੰਘ ਜਾਂਦੇ ਹਨ, ਪਰਵਾਰ ਨਾਲ ਮੇਲ-ਮਿਲਾਪ ਵੀ ਦੇਰੀ ਨਾਲ ਹੁੰਦਾ ਹੈ, ਜਿਸ 'ਚੋਂ ਬਹੁਤ ਕੁਝ ਅਨੈਤਿਕ ਕਿਸਮ ਦੇ ਵਰਤਾਰੇ ਵੀ ਉਪਜਦੇ ਹਨ। ਪਰਮਜੀਤ ਜਦੋਂ ਮਰਚੈਂਟ ਨੇਵੀ ਵਿੱਚ ਜਾਣ ਦੀ ਸੋਚਦਾ ਹੈ ਤਾਂ ਉਸ ਦੀ ਇਸ ਪਸੰਦ ਅਤੇ ਰੁਚੀ ਪਿੱਛੇ ਇਹ ਹੀ ਭਾਵਨਾ ਕੰਮ ਕਰ ਰਹੀ ਹੁੰਦੀ ਹੈ। ਘਰ ਬਣਿਆ ਨਹੀਂ, ਬੱਚੇ ਪੜ੍ਹ ਰਹੇ ਹਨ, ਹੋਰ ਅਜੇ ਕਰਨ ਵਾਲਾ ਬਹੁਤ ਕੁਝ ਹੈ, ਪਰ ਪੈਸੇ ਦੀ ਆਮਦ ਇੱਕਦਮ ਸੀਮਤ ਹੋ ਕੇ ਰਹਿ ਜਾਂਦੀ ਹੈ। ਮਰਚੈਂਟ ਨੇਵੀ ਦੀ ਗੱਲ ਕਰਦਿਆਂ ਵੀ ਉਹ ਉਹਨਾਂ ਜਹਾਜ਼ਾਂ ਦਾ ਅਤੇ ਉਹਨਾਂ ਥਾਵਾਂ ਦਾ ਵਿਸਥਾਰ 'ਚ ਜ਼ਿਕਰ ਕਰਦਾ ਹੈ, ਜਿਨ੍ਹਾਂ ਨਾਲ ਉਸ ਦਾ ਵਾਹ ਪਿਆ। ਛੋਟੇ ਸਮੁੰਦਰੀ ਜਹਾਜ਼ ਜੋ ਕੇਵਲ ਸਮਾਨ ਸਪਲਾਈ ਕਰਨ ਦਾ ਕੰਮ ਕਰਦੇ ਹਨ, ਉਹਨਾਂ ਨੂੰ ਸਪਲਾਈ ਬੋਟ ਹੀ ਕਿਹਾ ਜਾਂਦਾ ਹੈ। ਭਾਵੇਂ ਉਹ ਜਹਾਜ਼ ਵੀ ਹਨ, ਪਰ ਦੂਜਿਆਂ ਮੁਕਾਬਲੇ ਆਕਾਰ ਪੱਖੋਂ ਵੀ ਛੋਟੇ ਅਤੇ ਉਹਨਾਂ ਦੀ ਮਾਰ ਅਤੇ ਪਹੁੰਚ ਵੀ ਛੋਟੀ ਹੁੰਦੀ ਹੈ। ਬੱਕਰੀ ਪਾਨ ਐਮ, ਮਿੰਟ ਫਾਰਚੂਨ, ਚਿਆਂਗ ਵਿਜ਼ਨ, ਗੈਸ ਰਾਈਜ਼ਿੰਗ ਸਨ, ਆਦਿ ਦਾ ਜ਼ਿਕਰ ਕਰਦਾ-ਕਰਦਾ ਉਹ ਇਹਨਾਂ ਜਹਾਜ਼ਾਂ ਦੇ ਪਹਿਲੇ ਨਾਮਾਂ ਦਾ ਵੀ ਜ਼ਿਕਰ ਕਰਦਾ ਹੈ। ਇਹ ਜਹਾਜ਼ ਅਮੀਰ ਲੋਕਾਂ ਦੇ ਹੁੰਦੇ ਹਨ, ਜਿਸ ਨੂੰ ਚਲਾਉਣ ਲਈ ਕੋਈ ਹੋਰ ਠੇਕੇ 'ਤੇ ਲੈਂਦਾ ਹੈ, ਫਿਰ ਕਦੀ ਉਹ ਵੇਚ ਲੈਂਦੇ ਹਨ ਆਦਿ ਵੇਰਵੇ ਭਾਵੇਂ ਪਾਠਕ ਲਈ ਬਹੁਤੇ ਦਿਲਚਸਪ ਨਹੀਂ ਹੋਣਗੇ, ਪਰ ਪਰਮਜੀਤ ਮੁਕੰਮਲ ਜਾਣਕਾਰੀ ਪ੍ਰਦਾਨ ਕਰਨ ਦਾ ਯਤਨ ਕਰਦਾ ਹੈ। ਨੇਵੀ ਦੇ ਜਹਾਜ਼ ਵਾਲੇ ਭੂ-ਮੱਧ ਰੇਖਾ ਪਾਰ ਕਰਦਿਆਂ ਸਮੁੰਦਰ ਦੇ ਦੇਵਤਾ 'ਲਾਰਡ ਵਰੂਨਾ' ਦਾ ਜੋ ਦਰਬਾਰ ਲਾ ਕੇ ਭੂ-ਮੱਧ ਰੇਖਾ ਪਾਰ ਕਰਨ ਵਾਲਿਆਂ ਨੂੰ ਸੰਕੇਤਕ ਸਜ਼ਾ ਦਿੰਦੇ ਸਨ, ਉਹ ਇਹ ਵਪਾਰਕ ਜਹਾਜ਼ਾਂ ਵਾਲੇ ਨਹੀਂ ਕਰਦੇ। ਨੇਵੀ ਵਾਲੇ ਸੋਚਦੇ ਹੋਣਗੇ ਕਿ ਸਮੁੰਦਰ 'ਚ ਰਹਿ ਕੇ 'ਵਰੂਨਾ' ਨਾਲ ਵੈਰ ਕਿਉਂ ਲੈਣਾ, ਪਰ ਵਪਾਰਕ ਜਹਾਜ਼ਾਂ ਵਾਲਿਆਂ ਲਈ ਪੈਸੇ ਤੋਂ ਵੱਡਾ ਕੋਈ ਦੇਵਤਾ ਨਹੀਂ ਹੁੰਦਾ, ਪਰਮਜੀਤ ਭਾਵੇਂ ਇਹ ਗੱਲ ਨਹੀਂ ਕਹਿੰਦਾ, ਪਰ ਪਾਠਕ ਦੇ ਮਨ ਵਿੱਚ ਆਉਣ ਦੀ ਸੰਭਾਵਨਾ ਬਣੀ ਰਹਿੰਦੀ ਹੈ।

ਸੱਟ ਲੱਗਣ ਕਾਰਨ ਅਮਰੀਕਾ ਦੇ ਇੱਕ ਹਸਪਤਾਲ ਵਿੱਚ ਪਰਮਜੀਤ ਦਾ ਇਲਾਜ ਚੱਲ ਰਿਹਾ ਹੁੰਦਾ ਹੈ ਤਾਂ ਉਹ ਦੇਖਦਾ ਹੈ ਕਿ ਇੱਕ ਕਾਲੀ ਔਰਤ ਕਦੇ ਵੀ ਖੁਸ਼ ਨਹੀਂ ਰਹਿੰਦੀ ਅਤੇ ਨਾ ਹੀ ਉਹ ਅਮਰੀਕਾ ਦੇ ਸਿਸਟਮ ਦੀ ਹੋ ਰਹੀ ਸਿਫਤ ਸੁਣ ਸਕਦੀ ਹੈ। ਅਸਲ ਵਿੱਚ ਉਹ ਅਮਰੀਕਾ ਵਿੱਚ ਹੋ ਰਹੇ ਨਸਲ ਅਤੇ ਰੰਗ-ਭੇਦ ਦੇ ਵਿਤਕਰਿਆਂ ਤੋਂ ਏਨੀ ਦੁਖੀ ਹੈ ਕਿ ਉਸ ਦੀ ਰੂਹ ਨਹੀਂ, ਸਰੀਰ ਹੀ ਅਮਰੀਕਾ 'ਚ ਵਿਚਰ ਰਿਹਾ ਹੈ। ਸਾਰੀ ਦੁਨੀਆ ਅਮਰੀਕਾ ਨੂੰ ਵਧੀਆ ਕਹੀ ਜਾਵੇ, ਪਰ ਉਹ ਨਹੀਂ ਮੰਨੇਗੀ। ਇਹ ਔਰਤ ਅਸਲ ਵਿੱਚ ਉਸ ਸਮੁੰਦਰ ਵਰਗੀ ਹੈ, ਜੋ ਉੱਪਰ ਸ਼ਾਂਤ ਦਿਸ ਰਹੀ ਹੈ, ਪਰ ਅੰਦਰੋਂ ਜਵਾਲਾਮੁਖੀ ਕਿਸੇ ਵੀ ਸਮੇਂ ਫੁੱਟ ਸਕਦਾ ਹੈ। ਜਾਰਜ ਟਾਊਨ ਵਿੱਚ ਜਹਾਜ਼ ਕੰਢੇ 'ਤੇ ਲੱਗਦਿਆਂ ਹੀ ਲੋਕਲ ਔਰਤਾਂ ਆਪਣੀ ਮਰਜ਼ੀ ਨਾਲ ਆਪਣਾ ਜਿਸਮ ਵੇਚਣ ਲਈ ਜਹਾਜ਼ ਅੰਦਰ ਦਾਖਲ ਹੋ ਜਾਂਦੀਆਂ ਹਨ। ਜ਼ਿੰਦਗੀ ਵਿਚਲੀ 'ਗੁਰਬਤ' ਮਨੁੱਖ ਨੂੰ ਨੈਤਿਕਤਾ ਦੇ ਮਿਆਰਾਂ ਤੋਂ ਕੋਹਾਂ ਦੂਰ ਲੈ ਜਾਂਦੀ ਹੈ। ਧੋਖੇਬਾਜ਼ ਏਜੰਟਾਂ ਦੀਆਂ ਸ਼ਿਕਾਰ ਹੋਈਆਂ ਔਰਤਾਂ ਜੋ ਹਾਂਗਕਾਂਗ ਵਿੱਚ ਫਸੀਆਂ ਹੋਣ ਦਾ ਜ

2-July-Sunday.qxd 7/1/2023 10:24 PM Page 6

ਕੜਿਆਲਵੀ ਨੂੰ ਅਕਾਦਮੀ ਦਾ ਬਾਲ ਸਾਹਿਤ ਪੁਰਸਕਾਰ

ਮੋਗਾ : ਭਾਰਤੀ ਸਾਹਿਤ ਅਕਾਦਮੀ ਨਵੀਂ ਦਿੱਲੀ ਨੇ ਪ੍ਰਸਿੱਧ ਕਹਾਣੀਕਾਰ ਅਤੇ ਵਾਰਤਕਕਾਰ ਗੁਰਮੀਤ ਕੜਿਆਲਵੀ ਨੂੰ ਉਹਨਾਂ ਦੀ ਬਾਲ ਸਾਹਿਤ ਪੁਸਤਕ "ਸੱਚੀ ਦੀ ਕਹਾਣੀ" ਲਈ ਬਾਲ ਸਾਹਿਤ ਪੁਰਸਕਾਰ ਦੇਣ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਅਕਾਦਮੀ ਦੀ ਅੰਤਰਿਗ ਬੋਰਡ ਦੀ ਦਿੱਲੀ ਵਿਖੇ ਹੋਈ ਮੀਟਿੰਗ ਵਿਚ ਕੀਤਾ ਗਿਆ। ਅਕਾਦਮੀ ਦੇ ਇਸ ਫੈਸਲੇ ਦੀ ਜਾਣਕਾਰੀ ਡਾ. ਰਵੇਲ ਸਿੰਘ ਵੱਲੋਂ ਦਿੱਤੀ ਗਈ ਹੈ।

ਜ਼ਿਲ੍ਹਾ ਮੋਗਾ ਦੇ ਪਿੰਡ ਕੜਿਆਲ ਨਾਲ ਸੰਬੰਧਤ ਬਹੁਵਿਧਾਈ ਸਾਹਿਤਕਾਰ ਗੁਰਮੀਤ ਕੜਿਆਲਵੀ ਨੇ "ਅੱਕ ਦਾ ਬੂਟਾ", ਊਣੇ, ਆਤੂ ਖੋਜੀ, ਢਾਲ, ਸਾਰੰਗੀ ਦੀ ਮੌਤ ਤੇ ਹੋਰ ਕਹਾਣੀਆਂ ਅਤੇ 'ਹਾਰੀਂ ਨਾ ਬਚਨਿਆ' ਨਾਂਅ ਦੀਆਂ ਛੇ ਕਥਾ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। ਕੜਿਆਲਵੀ ਨੇ ਕੋਰੋਨਾ ਮਹਾਂਮਾਰੀ ਸੰਬੰਧੀ ਇਕ ਬਹੁਚਰਚਿਤ ਨਾਵਲ "ਉਹ ਇੱਕੀ ਦਿਨ" ਵੀ ਲਿਖਿਆ ਹੈ, ਜੋ ਹਿੰਦੀ ਵਿਚ 'ਵੇ ਇਕੀਸ ਦਿਨ' ਦੇ ਸਿਰਲੇਖ ਹੇਠ ਪ੍ਰਕਾਸ਼ਿਤ ਹੋ ਚੁੱਕਾ ਹੈ। ਗੁਰਮੀਤ ਦੀਆਂ ਚਾਰ ਵਾਰਤਕ ਪੁਸਤਕਾਂ 'ਖਤਰਨਾਕ ਅੱਤਵਾਦੀ ਦੀ ਜੇਲ੍ਹ ਯਾਤਰਾ", ਨਕਸ਼ ਨੱਕਾਸ਼, ਬੰਦ ਦਰਵਾਜ਼ਾ ਅਤੇ 'ਦਹਿਸ਼ਤ ਭਰੇ ਦਿਨਾਂ 'ਚ' ਪ੍ਰਕਾਸ਼ਿਤ ਹੋ ਕੇ ਚਰਚਿਤ ਹੋ ਚੁੱਕੀਆਂ ਹਨ।

ਗੁਰਮੀਤ ਕੜਿਆਲਵੀ ਲਗਾਤਾਰ ਬਾਲ ਸਾਹਿਤ ਦੀ ਸਿਰਜਣਾ ਨਾਲ ਵੀ ਜੁੜਿਆ ਆ ਰਿਹਾ ਹੈ। ਸਾਲ 1993 'ਚ "ਬਾਲ ਪ੍ਰੀਤ ਮਿਲਣੀ ਕਾਫਲਾ" ਨਾਂਅ ਦੀ ਚੱਲੀ ਮੁਹਿਮ ਵਿਚ ਸ਼ਾਮਲ ਹੋ ਕੇ ਬਾਲਾਂ ਨੂੰ ਸਾਹਿਤ ਨਾਲ ਜੋੜਨ ਦੇ ਯਤਨਾਂ ਦਾ ਹਿੱਸਾ ਬਣੇ ਕੜਿਆਲਵੀ ਦੀਆਂ ਹੁਣ ਤੱਕ 8 ਬਾਲ ਸਾਹਿਤ ਪੁਸਤਕਾਂ ਛਪੀਆਂ ਹਨ। ਟਾਂਗੇ ਵਾਲਾ ਸੰਤਾ, ਅਸੀਂ ਹਾਂ ਮਿੱਤਰ ਤੁਹਾਡੇ, ਭੱਠੀ ਵਾਲੀ ਗਿੰਦਰੋ, ਕਰਾਮਾਤੀ ਪੈੱਨ, ਅਸੀਂ ਉੱਡਣਾ ਚਾਹੁੰਦੇ ਹਾਂ, ਪੰਚ ਪ੍ਰਮੇਸ਼ਰ, ਸ਼ੇਰਸ਼ਾਹ ਸੂਰੀ ਅਤੇ ਸੱਚੀ ਦੀ ਕਹਾਣੀ ਬਾਲ ਸਾਹਿਤ ਦੀਆਂ ਪੁਸਤਕਾਂ ਨੂੰ ਵੀ ਬੱਚਿਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ।

ਬਹੁਤ ਸਾਰੇ ਨਾਟਕ ਅਤੇ ਕਵਿਤਾਵਾਂ ਦੀ ਸਿਰਜਣਾ ਕਰ ਚੁੱਕੇ ਗੁਰਮੀਤ ਕੜਿਆਲਵੀ ਦੀਆਂ ਬਹੁਤ ਸਾਰੀਆਂ ਰਚਨਾਵਾਂ ਹਿੰਦੀ, ਗੁਜਰਾਤੀ, ਮਰਾਠੀ, ਰਾਜਸਥਾਨੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੀਆਂ ਹਨ। ਸਮਾਜਿਕ ਨਿਆਂ ਅਤੇ ਅਧਿਕਾਰਤਾ ਵਿਭਾਗ 'ਚ ਅਧਿਕਾਰੀ ਵਜੋਂ ਕੰਮ ਕਰਦਾ ਗੁਰਮੀਤ ਸਾਹਿਤਕ ਸਰਗਰਮੀਆਂ ਨਾਲ ਜੁੜਿਆ ਰਹਿੰਦਾ ਹੈ ਤੇ ਅੱਜਕੱਲ੍ਹ ਮੋਗੇ ਇਲਾਕੇ ਦੀ ਨਾਮਵਰ ਸਾਹਿਤਕ ਸੰਸਥਾ 'ਮਹਿੰਦਰ ਸਾਥੀ ਯਾਦਗਾਰੀ ਮੰਚ ਮੋਗਾ' ਦੇ ਪ੍ਰਧਾਨ ਵਜੋਂ ਸੇਵਾਵਾਂ ਦੇ ਰਿਹਾ ਹੈ। ਗੁਰਮੀਤ ਕੜਿਆਲਵੀ ਨੂੰ ਸਾਹਿਤ ਅਕਾਦਮੀ ਐਵਾਰਡ ਦਾ ਐਲਾਨ ਹੋਣ 'ਤੇ ਇਲਾਕੇ ਦੇ ਸਾਹਿਤਕਾਰਾਂ ਤੇ ਸਾਹਿਤ ਪ੍ਰੇਮੀਆਂ ਨੇ ਖੁਸ਼ੀ ਦਾ ਇਜ਼ਹਾਰ ਕੀਤਾ ਹੈ।

ਸਾਹਿਤ ਸਦਭਾਵਨਾ ਪੁਰਸਕਾਰ-2023 ਡਾ. ਬਿਕਰਮ ਸਿੰਘ ਘੁੰਮਣ ਨੂੰ

ਸਮਾਗਮ 8 ਜੁਲਾਈ ਨੂੰ

ਜਲੰਧਰ-ਪ੍ਰਸਿੱਧ ਪੰਜਾਬੀ ਆਲੋਚਕ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਡੀਨ ਡਾਕਟਰ ਬਿਕਰਮ ਸਿੰਘ ਘੁੰਮਣ ਨੂੰ ਮਿਲੇਗਾ "ਸਾਹਿਤ ਸਦਭਾਵਨਾ ਪੁਰਸਕਾਰ 2023"। ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮਟਿਡ ਵੱਲੋਂ ਦਿੱਤੇ ਜਾਣ ਵਾਲੇ ਇਸ ਪੁਰਸਕਾਰ ਵਿੱਚ ਇੱਕੀ ਹਜ਼ਾਰ ਰੁਪਏ ਅਤੇ ਸਨਮਾਨ ਚਿੰਨ੍ਹ ਭੇਟ ਕੀਤੇ ਜਾਣਗੇ।

ਇਹ ਐਲਾਨ ਅੱਜ ਇਥੇ ਸੁਸਾਇਟੀ ਦੇ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ, ਮੀਤ ਪ੍ਰਧਾਨ ਮੁਖਤਿਆਰ ਸਿੰਘ ਕਹਾਣੀਕਾਰ, ਸਕੱਤਰ ਡਾਕਟਰ ਹਰਜਿੰਦਰ ਸਿੰਘ ਅਟਵਾਲ ਅਤੇ ਮੈਨੇਜਿੰਗ ਡਾਇਰੈਕਟਰ ਸੁਰਿੰਦਰ ਸਿੰਘ ਸੁੰਨੜ ਨੇ ਕੀਤਾ। ਇਹ ਸਾਂਝਾ ਬਿਆਨ ਜਾਰੀ ਕਰਦਿਆਂ ਸੁਸਾਇਟੀ ਦੇ ਮੀਡੀਆ ਸਕੱਤਰ ਡਾਕਟਰ ਦਰਸ਼ਨ ਸਿੰਘ ਆਸ਼ਟ ਨੇ ਦੱਸਿਆ ਕਿ ਡਾਕਟਰ ਘੁੰਮਣ ਨੇ ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮਟਿਡ ਲਈ ਲੰਮੀ ਘਾਲਣਾ ਕਰਕੇ ਇਸ ਨੂੰ ਇਕ ਵੱਕਾਰੀ ਸੰਸਥਾ ਵਜੋਂ ਸਥਾਪਤ ਕੀਤਾ ਅਤੇ ਦਰਜਨਾਂ ਪੁਸਤਕਾਂ ਦੀ ਪ੍ਰਕਾਸ਼ਨਾ ਕਰਕੇ ਲੋੜਵੰਦ ਲੇਖਕਾਂ ਦੀ ਅਥਾਹ ਸਹਾਇਤਾ ਕੀਤੀ। ਉਨ੍ਹਾਂ ਦੀ ਇਸ ਸੇਵਾ ਨੂੰ ਮੁੱਖ ਰੱਖ ਕੇ ਹੀ ਇਹ ਪੁਰਸਕਾਰ ਦਿੱਤਾ ਜਾ ਰਿਹਾ ਹੈ। ਡਾਕਟਰ ਆਸ਼ਟ ਨੇ ਸੁਸਾਇਟੀ ਦੇ ਡਾਇਰੈਕਟਰਾਂ ਪ੍ਰੋ. ਸੁਰਜੀਤ ਜੱਜ, ਰਵਿੰਦਰਪਾਲ, ਜਗੀਰ ਸਿੰਘ ਨੂਰ, ਡਾਕਟਰ ਰਣਜੀਤ ਕੌਰ, ਡਾਕਟਰ ਉਮਿੰਦਰ ਜੌਹਲ, ਅਮਨਜੀਤ ਕੌਰ ਅਤੇ ਪਰਮਜੀਤ ਕੌਰ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਸੁਸਾਇਟੀ ਦੇ ਸਮੂਹ ਮੈਂਬਰਾਂ ਦੀ ਭਾਵਨਾ ਦਾ ਸਤਿਕਾਰ ਕਰਦੇ ਹੋਏ ਡਾਕਟਰ ਘੁੰਮਣ ਨੂੰ ਇਹ ਪੁਰਸਕਾਰ ਦਿੱਤੇ ਜਾਣ ਦਾ ਫ਼ੈਸਲਾ ਲਿਆ। ਡਾ. ਆਸ਼ਟ ਨੇ ਅੱਗੇ ਦੱਸਿਆ ਕਿ ਘੁੰਮਣ ਸਾਹਿਬ ਨੂੰ ਪੁਰਸਕਾਰ ਦੇਣ ਲਈ ਸਮਾਗਮ 8 ਜੁਲਾਈ ਦਿਨ ਸ਼ਨੀਵਾਰ ਪੰਜਾਬੀ ਭਵਨ ਲੁਧਿਆਣਾ ਵਿਖੇ ਕੀਤਾ ਜਾਵੇਗਾ, ਜਿਸ ਦੇ ਮੁੱਖ ਮਹਿਮਾਨ ਡਾ. ਸਰਦਾਰਾ ਸਿੰਘ ਜੌਹਲ ਅਤੇ ਪ੍ਰਧਾਨਗੀ ਸੁਰਜੀਤ ਪਾਤਰ ਕਰਨਗੇ।

—ਡਾ. ਦਰਸ਼ਨ ਸਿੰਘ ਆਸ਼ਟ

'ਸੂਰਮੇ ਕਿ ਡਾਕੂ' ਰਿਲੀਜ਼

ਸਰੀ-ਕਲਮੀ ਪਰਵਾਜ਼ ਮੰਚ ਵੱਲੋਂ ਪ੍ਰਸਿੱਧ ਕਵੀਸ਼ਰ ਅਤੇ ਬਹੁਪੱਖੀ ਕਲਾਕਾਰ ਚਮਕੌਰ ਸਿੰਘ ਸੇਖੋਂ ਦੀ ਨਵ-ਪ੍ਰਕਾਸ਼ਿਤ ਪੁਸਤਕ 'ਸੂਰਮੇ ਕਿ ਡਾਕੂ' ਰਿਲੀਜ਼ ਕਰਨ ਲਈ ਸੀਨੀਅਰ ਸੈਂਟਰ ਸਰੀ ਵਿਖੇ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਮੰਚ ਦੀ ਕਨਵੀਨਰ ਮਨਜੀਤ ਕੌਰ ਕੰਗ ਦੇ ਸਵਾਗਤੀ ਸ਼ਬਦਾਂ ਨਾਲ ਹੋਈ। ਇਸ ਪੁਸਤਕ ਉੱਪਰ ਆਪਣੇ ਵਿਚਾਰ ਪੇਸ਼ ਕਰਦਿਆਂ ਪ੍ਰਿੰ. ਮਲੂਕ ਚੰਦ ਕਲੇਰ ਨੇ ਕਿਹਾ ਕਿ ਚਮਕੌਰ ਸਿੰਘ ਸੇਖੋਂ ਦੀ ਇਹ ਪੰਜਵੀਂ ਪੁਸਤਕ ਹੈ। ਇਸ ਵਿਚ ਉਨ੍ਹਾਂ ਵਿਸ਼ੇਸ਼ ਤੌਰ 'ਤੇ 1942 ਤੋਂ 1945 ਦੇ ਸਮੇਂ ਦੌਰਾਨ ਪੰਜਾਬ ਵਿਚ ਉੱਠੇ ਉਨ੍ਹਾਂ ਸੂਰਮਿਆਂ ਨੂੰ ਆਪਣੀ ਸ਼ਾਇਰੀ ਰਾਹੀਂ ਪੇਸ਼ ਕੀਤਾ ਹੈ, ਜੋ ਹਕੂਮਤ ਵੱਲੋਂ ਤਾਂ ਡਾਕੂ ਠਹਿਰਾਏ ਗਏ ਸਨ, ਪਰ ਉਨ੍ਹਾਂ ਦੇ ਮਨਾਂ ਵਿਚ ਸਮਾਜ ਲਈ ਕੁਝ ਕਰ ਗੁਜ਼ਰਨ ਦੀ ਭਾਵਨਾ ਸੀ। ਪੁਸਤਕ ਉਪਰ ਰਾਜਬੀਰ ਜੰਡਾ, ਡਾ. ਪ੍ਰਿਥੀਪਾਲ ਸੋਹੀ, ਮੋਹਨ ਗਿੱਲ, ਪ੍ਰਿੰ. ਕਸ਼ਮੀਰਾ ਸਿੰਘ, ਸੁਖਵਿੰਦਰ ਕੌਰ ਸਿੱਧੂ, ਚਮਕੌਰ ਸਿੰਘ ਸੇਖੋਂ ਦੀ ਬੇਟੀ ਸਵਰਨਜੀਤ ਕੌਰ ਗਰੇਵਾਲ, ਦਰਸ਼ਨ ਸੰਘਾ, ਨਵਦੀਪ ਗਿੱਲ, ਜਗਵਿੰਦਰ ਸਰਾਂ, ਇੰਦਰਜੀਤ ਧਾਲੀਵਾਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਚਮਕੌਰ ਸਿੰਘ ਸੇਖੋਂ ਦੀ ਸ਼ਖ਼ਸੀਅਤ ਅਤੇ ਰਚਨਾਤਮਿਕ ਕਾਰਜਾਂ ਬਾਰੇ ਗੱਲਬਾਤ ਕੀਤੀ। ਬੁਲਾਰਿਆਂ ਨੇ ਕਿਹਾ ਕਿ ਚਮਕੌਰ ਸਿੰਘ ਸੇਖੋਂ ਸਾਫ਼ਗੋ ਤਬੀਅਤ ਦਾ ਮਾਲਕ ਹੈ ਅਤੇ ਉਸ ਦੀ ਲੇਖਣੀ ਤੋਂ ਵੀ ਉਸ ਦੀ ਸ਼ਖ਼ਸੀਅਤ ਸਾਫ ਝਲਕਦੀ ਹੈ।

ਪੁਸਤਕ 'ਸੂਰਮੇ ਕਿ ਡਾਕੂ' ਲੋਕ ਅਰਪਣ ਕਰਨ ਦੀ ਰਸਮ ਮੰਚ ਦੇ ਆਗੂਆਂ ਅਤੇ ਸ. ਸੇਖੋਂ ਦੇ ਪਰਵਾਰਕ ਮੈਂਬਰਾਂ ਨੇ ਅਦਾ ਕੀਤੀ। ਚਮਕੌਰ ਸਿੰਘ ਸੇਖੋਂ ਨੇ ਆਪਣੇ ਸਾਥੀ ਨਵਦੀਪ ਗਿੱਲ ਅਤੇ ਸੁਖਵਿੰਦਰ (ਬਿੱਲਾ ਤੱਖੜ) ਨਾਲ ਕਵੀਸ਼ਰੀ 'ਅਣਖੀ ਪੁੱਤ ਮਾਵਾਂ ਦੇ ਤੁਰ ਪਏ ਸਿਰ ਤਲੀਆਂ 'ਤੇ ਧਰ ਕੇ'

ਪੇਸ਼ ਕਰਕੇ ਸਰੋਤਿਆਂ ਨੂੰ ਅਨੰਦਿਤ ਕੀਤਾ। ਇਸ ਪੁਸਤਕ ਲਈ ਚਮਕੌਰ ਸਿੰਘ ਸੇਖੋਂ ਨੂੰ ਮੁਬਾਰਕਬਾਦ ਦੇਣ ਵਾਲਿਆਂ ਵਿਚ ਹੋਰਨਾਂ ਤੋਂ ਇਲਾਵਾ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖੋਂ, ਗ਼ਜ਼ਲ ਮੰਚ ਦੇ ਸ਼ਾਇਰ ਪ੍ਰੀਤ ਮਨਪ੍ਰੀਤ ਤੇ ਹਰਦਮ ਮਾਨ, ਅੰਮ੍ਰਿਤ ਦੀਵਾਨਾ, ਇੰਦਰਜੀਤ ਧਾਮੀ, ਸੁਖਮੰਦਰ ਬਰਾੜ ਭਗਤਾ ਅਤੇ ਇੰਦਰਜੀਤ ਰੋਡੇ ਸ਼ਾਮਲ ਸਨ। ਅੰਤ ਵਿਚ ਚਮਕੌਰ ਸਿੰਘ ਸੇਖੋਂ ਨੇ ਸਮਾਗਮ ਵਿਚ ਸ਼ਾਮਲ ਸਭਨਾਂ ਸ਼ਖ਼ਸੀਅਤਾਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਇਸ ਪੁਸਤਕ ਦੇ ਕੁਝ ਕੁ ਪਾਤਰਾਂ ਬਾਰੇ ਸਵ. ਸੰਤ ਬਾਬਾ ਉਜਾਗਰ ਸਿੰਘ ਹੀਰੋ ਕਲਾਂ ਵਾਲਿਆਂ ਨੇ 1968 ਵਿਚ ਜਾਣਕਾਰੀ ਦਿੱਤੀ ਸੀ ਅਤੇ ਸੰਤ ਬਲਵੀਰ ਸਿੰਘ ਘੁੰਨਸ ਦੀ ਵਿਸ਼ੇਸ਼ ਪ੍ਰੇਰਨਾ ਸਦਕਾ ਇਹ ਪੁਸਤਕ ਹੋਂਦ ਵਿਚ ਆਈ ਹੈ। ਸਮੁੱਚੇ ਸਮਾਗਮ ਦਾ ਸੰਚਾਲਨ ਸੁਖਵਿੰਦਰ ਕੌਰ ਸਿੱਧੂ ਨੇ ਬਾਖੂਬੀ ਕੀਤਾ।

—ਹਰਦਮ ਮਾਨ

ਨਡਾਲਾ ਨੂੰ ਸੰਧਾਵਾਲੀਆ ਐਵਾਰਡ

ਕਪੂਰਥਲਾ : ਬੀਤੇ ਦਿਨੀਂ ਪੰਜਾਬੀ ਦੇ ਨਾਮਵਰ ਕਹਾਣੀਕਾਰ ਡਾ. ਕਰਮਜੀਤ ਸਿੰਘ ਨਡਾਲਾ ਨੂੰ ਉਹਨਾ ਦੀਆਂ ਕਹਾਣੀ ਖੇਤਰ 'ਚ ਕੀਤੀਆਂ ਪ੍ਰਾਪਤੀਆਂ ਲਈ ਸ: ਸ਼ਿਵਦੇਵ ਸਿੰਘ ਸੰਧਾਵਾਲੀਆ ਯਾਦਗਾਰੀ ਐਵਾਰਡ ਦਿੱਤਾ ਗਿਆ। ਕਪੂਰਥਲਾ 'ਚ ਵਿਰਸਾ ਵਿਹਾਰ 'ਚ ਸਿਰਜਨਾ ਕੇਂਦਰ ਕਪੂਰਥਲਾ ਤੇ ਪੰਜਾਬੀ ਭਵਨ, ਸਰੀ (ਕੈਨੇਡਾ) ਦੇ ਇੱਕ ਪ੍ਰਭਾਵਸ਼ਾਲੀ ਸਮਾਗਮ 'ਚ ਇਹ ਪੁਰਸਕਾਰ ਭੇਟ ਕੀਤਾ। ਇਸ ਮੌਕੇ ਸੁੱਖੀ ਬਾਠ, ਕੰਵਰ ਇਕਬਾਲ, ਪ੍ਰੋ. ਕੁਲਵੰਤ ਸਿੰਘ ਔਜਲਾ, ਡਾ. ਸਰਦੂਲ ਸਿੰਘ ਔਜਲਾ, ਡਾ. ਆਸਾ ਸਿੰਘ ਘੁੰਮਣ, ਸੁਰਜੀਤ ਸਾਜਨ, ਡਾ. ਗੁਰਬਖਸ਼ ਸਿੰਘ ਭੰਡਾਲ, ਡਾ. ਭੁਪਿੰਦਰ ਕੌਰ, ਭਾਸ਼ਾ ਅਫਸਰ ਪ੍ਰਭਜੋਤ ਕੌਰ ਤੇ ਚੰਨ ਮੋਮੀ ਹੁਰਾਂ ਨੇ ਕਹਾਣੀਕਾਰ ਬਾਰੇ ਵੱਡਮੁੱਲੇ ਵਿਚਾਰ ਰੱਖੇ ਤੇ ਕਹਾਣੀਕਾਰ ਡਾ. ਕਰਮਜੀਤ ਸਿੰਘ ਨਡਾਲਾ ਨੂੰ ਵਧਾਈਆਂ ਦਿੱਤੀਆਂ।

—ਸ਼ਹਿਬਾਜ਼ ਖਾਨ

ਮਾਲਵਾ ਲਿਖਾਰੀ ਸਭਾ ਵੱਲੋਂ ਸਾਹਿਤਕ ਵਿਚਾਰਾਂ

ਸੰਗਰੂਰ-ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ.) ਵੱਲੋਂ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਪਰਗਟ ਸਿੰਘ ਸਤੌਜ ਨੇ ਕੀਤੀ। ਇਸ ਸਮਾਗਮ ਵਿੱਚ ਸਭਾ ਵੱਲੋਂ ਦਿੱਤਾ ਜਾਣ ਵਾਲਾ ਡਾ. ਪ੍ਰੀਤਮ ਸੈਣੀ ਵਾਰਤਕ ਪੁਰਸਕਾਰ ਗਿਆਨੀ ਜੰਗੀਰ ਸਿੰਘ ਰਤਨ ਨੂੰ, ਸ੍ਰੀ ਮੇਘ ਗੋਇਲ ਯਾਦਗਾਰੀ ਗਲਪ ਪੁਰਸਕਾਰ ਬਿੰਦਰ ਸਿੰਘ ਖੁੱਡੀ ਕਲਾਂ ਨੂੰ ਅਤੇ ਕਵੀ ਗੁਰਬੀਰ ਸਿੰਘ ਬੀਰ ਵਿਰਾਸਤੀ ਪੁਰਸਕਾਰ ਧਨੌਲੇ ਵਾਲੇ ਪਾਠਕ ਭਰਾਵਾਂ ਦੇ ਕਵੀਸ਼ਰੀ ਜੱਥੇ ਨੂੰ ਦਿੱਤਾ ਗਿਆ। ਸਨਮਾਨਿਤ ਸ਼ਖਸੀਅਤਾਂ ਬਾਰੇ ਗੱਲਬਾਤ ਕਰਦਿਆਂ ਪਰਗਟ ਸਿੰਘ ਸਤੌਜ ਨੇ ਕਿਹਾ ਕਿ ਕਲਾ ਕਲਾ ਲਈ ਨਹੀਂ, ਬਲਕਿ ਲੋਕਾਂ ਲਈ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਨਵੇਂ ਲੇਖਕਾਂ ਨੂੰ ਆਪਣੀ ਵਿਧਾ ਨਾਲ ਸੰਬੰਧਤ ਵਿਦਵਾਨਾਂ ਦੀ ਪੂਰੀ ਤਸੱਲੀ ਤੋਂ ਬਾਅਦ ਹੀ ਪੁਸਤਕ ਛਪਵਾਉਣ ਬਾਰੇ ਫੈਸਲਾ ਕਰਨਾ ਚਾਹੀਦਾ ਹੈ। ਇਸ ਮੌਕੇ ਡਾ. ਮੀਤ ਖਟੜਾ ਦਾ ਲੇਖ-ਸੰਗ੍ਰਹਿ ਕਹਾਣੀ ਉਰਵਸੀ ਦੀ ਵੀ ਲੋਕ ਅਰਪਣ ਕੀਤਾ ਗਿਆ। ਪੁਸਤਕ ਸੰਬੰਧੀ ਵਿਸਥਾਰ ਸਹਿਤ ਚਰਚਾ ਕਰਦਿਆਂ ਡਾ. ਇਕਬਾਲ ਸਿੰਘ ਸਕਰੌਦੀ ਨੇ ਕਿਹਾ ਕਿ ਡਾ. ਮੀਤ ਖਟੜਾ ਸਮਾਜ ਵੱਲੋਂ

ਦੁਰਕਾਰੇ ਅਤੇ ਲਿਤਾੜੇ ਜਾ ਰਹੇ ਲੋਕਾਂ ਦੇ ਦੁੱਖਾਂ ਦਾ ਪ੍ਰਗਟਾਵਾ ਮਾਨਵਵਾਦੀ ਪਹੁੰਚ ਅਪਣਾ ਕੇ ਕਰਦੇ ਹਨ। ਆਪਣੇ ਜੀਵਨ ਅਤੇ ਲਿਖਣ ਪ੍ਰਕਿਰਿਆ ਸੰਬੰਧੀ ਯਾਦਾਂ ਸਾਂਝੀਆਂ ਕਰਦਿਆਂ ਡਾ. ਮੀਤ ਖਟੜਾ ਨੇ ਕਿਹਾ ਕਿ ਉਨ੍ਹਾਂ ਦੀਆਂ ਕਹਾਣੀਆਂ ਵਿਚਲਾ ਦਰਦ ਉਨ੍ਹਾਂ ਦਾ ਹੱਡੀਂ ਹੰਢਾਇਆ ਦਰਦ ਹੈ। ਵਿਚਾਰ-ਚਰਚਾ ਵਿੱਚ ਦਲਬਾਰ ਸਿੰਘ, ਲਖਵਿੰਦਰ ਸ਼ਰਮਾ ਹੰਡਿਆਇਆ ਅਤੇ ਰਣਜੀਤ ਆਜ਼ਾਦ ਕਾਂਝਲਾ ਨੇ ਵੀ ਹਿੱਸਾ ਲਿਆ।

ਧਨੌਲੇ ਵਾਲੇ ਸਤਨਾਮ ਪਾਠਕ, ਮਿੱਠੂ ਪਾਲਕ ਅਤੇ ਪ੍ਰੀਤ ਪਾਠਕ ਦੀ ਖੂਬਸੂਰਤ ਕਵੀਸ਼ਰੀ ਨਾਲ ਸ਼ੁਰੂ ਹੋਏ ਵਿਸ਼ਾਲ ਕਵੀ ਦਰਬਾਰ ਵਿੱਚ ਚਰਨੀ ਬੇਦਿਲ, ਭੋਲਾ ਸਿੰਘ ਸੰਗਰਾਮੀ, ਮੂਲ ਚੰਦ ਸ਼ਰਮਾ, ਜੰਗੀਰ ਸਿੰਘ ਰਤਨ, ਦਲਵਾਰ ਸਿੰਘ ਚੱਠਾ ਸੇਖਵਾਂ, ਸੁਖਵਿੰਦਰ ਸਿੰਘ ਲੋਟੇ, ਰਜਿੰਦਰ ਸਿੰਘ ਰਾਜਨ, ਕਰਮ ਸਿੰਘ ਜ਼ਖਮੀ, ਜਸਪਾਲ ਸਿੰਘ ਸੰਧੂ, ਰਮੇਸ਼ਵਰ ਸਿੰਘ, ਬਿੰਦਰ ਸਿੰਘ ਖੁੱਡੀ ਕਲਾਂ, ਡਾ. ਇਕਬਾਲ ਸਿੰਘ ਸਕਰੌਦੀ, ਸੁਰਿੰਦਰਪਾਲ ਸਿੰਘ ਸਿਦਕੀ, ਕੁਲਵੰਤ ਖਨੌਰੀ, ਗੁਰਜੀਤ ਕੌਰ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਨਾਲ ਹਾਜ਼ਰੀ ਲਵਾਈ। ਕਰਮ ਸਿੰਘ ਜ਼ਖਮੀ ਵੱਲੋਂ ਸਾਰੇ ਆਏ ਸਾਹਿਤਕਾਰਾਂ ਲਈ ਧੰਨਵਾਦੀ ਸ਼ਬਦ ਕਹੇ ਗਏ। ਮੰਚ ਸੰਚਾਲਨ ਦੀ ਭੂਮਿਕਾ ਸੁਖਵਿੰਦਰ ਸਿੰਘ ਲੋਟੇ ਨੇ ਬਾਖੂਬੀ ਨਿਭਾਈ।

ਸਾਹਿਤ ਸਭਾ ਦੀ ਮਾਸਿਕ ਇਕੱਤਰਤਾ

ਕੈਲਗਰੀ : ਪੰਜਾਬੀ ਸਾਹਿਤ ਸਭਾ ਦੀ ਮਾਸਿਕ ਇਕੱਤਰਤਾ ਸੁਰਿੰਦਰ ਗੀਤ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿੱਚ ਇਕਬਾਲ ਮਾਹਲ ਅਤੇ ਡਾ. ਕਵਿਤਰੀ ਗੁਰਮਿੰਦਰ ਸਿੱਧੂ ਨੇ ਸਰੋਤਿਆਂ ਦੇ ਰੂਬਰੂ ਹੋ ਕੇ ਸਮੇਂ ਨੂੰ ਰੌਣਕ ਬਖ਼ਸ਼ੀ। ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਡਾ. ਗੁਰਮਿੰਦਰ ਸਿੱਧੂ ਦੀਆਂ ਸਾਹਿਤਕ ਪ੍ਰਾਪਤੀਆਂ ਦਾ ਵੇਰਵਾ ਦਿੰਦਿਆਂ ਉਹਨਾਂ ਨੇ ਕਿਹਾ ਕਿ ਪੰਜਾਬੀ ਸਾਹਿਤ ਅਤੇ ਖ਼ਾਸ ਕਰਕੇ ਪੰਜਾਬੀ ਕਵਿਤਾ ਦੇ ਖ਼ੇਤਰ ਵਿੱਚ ਗੁਰਮਿੰਦਰ ਸਿੱਧੂ ਦਾ ਬਹੁਮੁੱਲਾ ਯੋਗਦਾਨ ਹੈ। ਬਹੁਤ ਸਾਰੇ ਮਾਨਾਂ-ਸਨਮਾਨਾਂ ਦੀ ਹੱਕਦਾਰ ਡਾ. ਸਿੱਧੂ ਦੀ ਕਲਮ ਨੂੰ ਵਾਹਿਗੁਰੂ ਹੋਰ ਵੀ ਬਲ ਬਖ਼ਸ਼ੇ।

ਡਾ. ਮਨਮੋਹਨ ਬਾਠ ਨੇ ਆਪਣੀ ਸੁਰੀਲੀ ਆਵਾਜ਼ ਵਿੱਚ ਸੁਖਵਿੰਦਰ ਅੰਮ੍ਰਿਤ ਦੀ ਰ

ਪ੍ਰਤੀਨਿਧ ਪੰਜਾਬੀ ਸ਼ਾਇਰੀ

ਅੱਖਰ

ਵਕਤ ਨੂੰ ਬੋਲਣਾ ਤੇ ਧੜਕਣਾ ਸਿਖਾਉਂਦੇ ਨੇ ਅੱਖਰ
ਕਦੇ ਬਾਬਰਵਾਣੀ ਕਦੇ ਜ਼ਫਰਨਾਮਾ ਬਣ ਕੇ ਆਉਂਦੇ ਨੇ ਅੱਖਰ

ਅੱਖਰਾਂ ਦੀ ਘਾਲ ਕਮਾਈ ਸੁਰਾਂ ਤੇ ਸੁਪਨਿਆਂ ਦਾ ਵਣਜ
ਆਂਦਰਾਂ ਨੂੰ 'ਆਨੰਦ' ਤੇ 'ਆਲਹੁਣੀਆਂ' ਬਣਾਉਂਦੇ ਨੇ ਅੱਖਰ

ਅੱਖਰਾਂ ਦੀ ਆਤਮਾ 'ਚੋਂ ਵਿਯੋਗ ਤੇ ਵੈਰਾਗ ਸਿੰਮਦੇ
ਸਰੰਦਿਆਂ ਤੇ ਸਾਰੰਗੀਆਂ ਦੀ ਫਸਲ ਉਗਾਉਂਦੇ ਨੇ ਅੱਖਰ

ਅੱਖਰਾਂ ਦੀ ਨੀਂਹ ਵਿੱਚ ਸਾਈਂ ਮੀਆਂ ਮੀਰ ਦੀ ਚਿਣਾਈ
ਮਰਨ ਜੀਊਣ ਦਾ ਮੂਲਮੰਤਰ ਪੜ੍ਹਾਉਂਦੇ ਨੇ ਅੱਖਰ

ਅੱਖਰਾਂ ਕੋਲ ਤੱਤੀਆਂ ਤਵੀਆਂ ਦਾ ਸੇਕ ਤੇ ਸ਼ਬਦਾਵਲੀ
ਦੇ ਕੋ ਸੀਸ ਆਪਣਾ ਸ਼ਨਾਖਤਾਂ ਬਚਾਉਂਦੇ ਨੇ ਅੱਖਰ

ਅੱਖਰਾਂ ਦੀ ਨਾੜ-ਨਾੜ ਵਿੱਚ ਸਾਕੇ ਤੇ ਘੱਲੂਘਾਰੇ
ਸਾਜ਼ਾਂ ਸ਼ਮਸ਼ੀਰਾਂ ਨਾਲ ਇਤਿਹਾਸ ਲਿਖਵਾਉਂਦੇ ਨੇ ਅੱਖਰ

ਅੱਖਰਾਂ ਦੀ ਤਪਸ਼ ਨਾਲ ਬੇਦਾਵੇ ਪਿਘਲ ਜਾਂਦੇ
ਅਹਿਸਾਸ ਦਿਲਾਂ ਦੇ ਹਵਾਵਾਂ ਨੂੰ ਸੁਣਾਉਂਦੇ ਨੇ ਅੱਖਰ

ਅੱਖਰਾਂ ਦੇ ਕਣ-ਕਣ ਵਿੱਚ ਦਿਲਗੀਰੀਆਂ ਤੇ ਦਰਵੇਸ਼ੀਆਂ
ਡੁੱਬ ਕੇ ਇਸ਼ਕ ਵਿੱਚ ਵੰਝਲੀਆਂ ਵਜਾਉਂਦੇ ਨੇ ਅੱਖਰ

ਅੱਖਰਾਂ ਦੀ ਰੂਹ ਵਿੱਚ ਉਦਾਸੀਆਂ ਦੇ ਸੰਸਮਰਣ ਤੇ ਸੰਵਾਦ
ਕੌਡਿਆਂ ਕੰਧਾਰੀਆਂ ਨੂੰ ਸਿੱਧੇ ਰਾਹ ਪਾਉਂਦੇ ਨੇ ਅੱਖਰ

ਅੱਖਰਾਂ ਦੀ ਜਾਗੀਰ ਜੇਲ੍ਹਾਂ, ਜ਼ੰਜੀਰਾਂ ਤੇ ਜਮੂਰਖਾਨੇ
ਫੱਕਰਾਂ ਫਕੀਰਾਂ ਤੋਂ ਚੱਕੀਆਂ ਪਿਸਵਾਉਂਦੇ ਨੇ ਅੱਖਰ

ਅੱਖਰਾਂ ਦੀ ਮੌਜ ਕਿ 'ਕੁਲਵੰਤ' ਵਰਗਿਆਂ ਤੋਂ ਵੀ
ਮਾਂ ਦੀ ਮਮਤਾ ਵਰਗੀ ਸ਼ਾਇਰੀ ਕਰਵਾਉਂਦੇ ਨੇ ਅੱਖਰ

ਅਰਜੋਈ

ਬਾਗ ਸਾਂਝਾਂ ਤੇ ਸੁਰਾਂ ਦੇ ਰਹਿਣ ਹਰੇ ਭਰੇ
ਜੀਊਣ ਦੀ ਚਾਹਤ ਐ ਮੌਲਾ ਕਦੇ ਨਾ ਮਰੇ

ਨਨਕਾਣੇ ਤੋਂ ਸੁਲਤਾਨਪੁਰ ਲੋਧੀ ਦਾ ਮਿਟੇ ਫਾਸਲਾ
ਦਿੱਲੀ ਤੇ ਲਾਹੌਰ ਰਹਿਣ ਨਾ ਪਰੇ ਪਰੇ

ਪੀਰਾਂ ਪੈਗੰਬਰਾਂ ਦੇ ਬੋਲ ਪਾਉਣ ਗਲਵੱਕੜੀਆਂ
ਕੋਈ ਕਹੇ ਅੱਲ੍ਹਾ ਅੱਲ੍ਹਾ, ਕੋਈ ਰੱਬ-ਰੱਬ ਕਰੇ

ਚੇਤਿਆਂ ਨੂੰ ਭੁੱਲਣ ਨਾ ਪੁਰਖਿਆਂ ਦੇ ਅਲਫਾਜ਼
ਕੈਦਾਂ ਕਾਨੂੰਨਾਂ ਤੋਂ ਕਲਮ ਬਿਲਕੁੱਲ ਨਾ ਡਰੇ

ਮੁੜ ਮੁੜ ਆਉਣ ਦਿਨ ਭੁੱਲਾਂ ਬਖਸ਼ਾਉਣ ਵਾਲੇ
ਸੁਧਰੇ ਕੋਈ ਕੰਧਾਰੀ, ਕੌਡਾ ਰਾਖਸ਼ਸ਼ ਕੋਈ ਤਰੇ

ਉਮੀਦ ਤੇ ਉਡੀਕ ਧੜਕੇ ਹਰ ਦਿਲ ਅੰਦਰ
ਸੱਜਰੇ ਸਵੇਰੇ ਮਹਿਕਣ ਤੇ ਮੌਲਣ ਹਰ ਘਰੇ

ਸੁੱਖੀਂ ਸਾਂਦੀਂ ਪਰਤਣ ਸਰਹੱਦਾਂ ਉੱਤੋਂ ਸੈਨਿਕ
ਮਾਤਮ ਦਾ ਮਾਰੂ ਮੀਂਹ ਹਰਗਿਜ਼ ਨਾ ਵਰ੍ਹੇ

ਸੰਬੰਧ ਤੇ ਸਕੀਰੀਆਂ ਹੋਣ ਨਾ ਮਿਲਾਵਟੀ
ਦਿਨ ਰਹਿਣ ਹਮੇਸ਼ਾ ਖਾਲਸ ਤੇ ਖਰੇ

ਸਿਰਫ ਇੱਕੋ ਅਰਜ਼ ਐ ਮੌਲਾ 'ਕੁਲਵੰਤ' ਦੀ
ਹਰੇਕ ਨੂੰ ਟੁੱਕ ਜੁੜੇ, ਹਰੇਕ ਨੂੰ ਕਫਨ ਸਰੇ

— ਪ੍ਰੋ. ਕੁਲਵੰਤ ਔਜਲਾ

ਗ਼ਜ਼ਲ

ਡਾਢੀ ਕੁੱਤੇ-ਖਾਣੀ ਹੁੰਦੀ, ਹਰ ਆਗੂ ਦੇ ਨਾਲ ਭਰਾਵੋ।
ਭੋਰਾ, ਮਾਸਾ ਸ਼ਰਮ ਨਾ ਮੰਨਣ, ਇਹ ਮਾਈ ਦੇ ਲਾਲ ਭਰਾਵੋ।

ਬੇਮਤਲਬ ਇਹ ਯਾਰੋ ! ਵੱਢੀ ਉਂਗਲ ਉੱਤੇ ਵੀ ਨਾ ਮੂਤਣ,
ਮਤਲਬ ਵੇਲ਼ੇ ਮੋਮ ਤਰ੍ਹਾਂ ਇਹ ਲੈਂਦੇ ਖ਼ੁਦ ਨੂੰ ਢਾਲ ਭਰਾਵੋ।

ਦੋ ਗੁੱਟਾਂ ਨੂੰ ਆਪਸ ਦੇ ਵਿਚ, ਖ਼ੂਬ ਲੜਾਉਣਾ ਜਾਨਣ ਭੈੜੇ,
ਆਪ ਤਮਾਸ਼ਾ ਵੇਖਣ, ਚੱਲਣ, ਐਸੀ ਕੋਝੀ ਚਾਲ ਭਰਾਵੋ।

ਇਹਨਾਂ ਦੇ ਕਿਰਦਾਰ ਬੁਰੇ ਤੋਂ, ਬੱਚਾ-ਬੱਚਾ ਵਾਕਫ਼ ਹੈ ਹੁਣ,
ਮੂੰਹ 'ਤੇ ਸੱਚ ਸੁਣਾਉਂਦੇ ਲੋਕੀਂ, ਮਗਰੋਂ ਕੱਢਣ ਗਾਲ੍ਹ ਭਰਾਵੋ।

ਠੱਗੀ-ਠੋਰੀ ਸਿਰ 'ਤੇ ਵਿਹਲੜ, ਕਾਰੋਬਾਰ ਚਲਾਈ ਫਿਰਦੇ,
ਕਿਰਸਾਨੀ, ਕਿਰਤੀ ਤੇ ਕਾਮੇ, ਹੋਈ ਜਾਣ ਕੰਗਾਲ ਭਰਾਵੋ।

ਇਹ ਸ਼ੋਹਦੇ ਸਭ ਥਾਂਵਾਂ ਉੱਤੇ, ਕਰਦੇ ਨੇ ਅਪਣੀ ਮਨਮਾਨੀ,
ਭੋਲ਼ੇ ਭਾਲ਼ੇ ਲੋਕਾਂ ਦੀ ਨਾ, ਕਿਧਰੇ ਗਲ਼ਦੀ ਦਾਲ਼ ਭਰਾਵੋ।

ਇਹ ਅਧਮੋਈ ਹੋਈ ਦੇਹ ਨੂੰ, ਜੋਕਾਂ ਬਣ ਕੇ ਲੱਗੇ ਹੋਏ,
ਭਾਰਤ ਮਾਂ ਕੁਰਲਾਉਂਦੀ, ਵੇਖੋ, ਹੋ ਹਾਲੋਂ ਬੇ-ਹਾਲ ਭਰਾਵੋ।

ਬੇ-ਸ਼ਰਮਾਂ ਦਾ ਲਾਣਾ, ਖੋਚਰ, ਲੁੱਚੇ, ਢੀਠ, ਸਿਰੇ ਦੇ ਗੰਦੇ,
ਕੋਠੇ ਵਾਲੀ ਬਾਈ ਦੇ ਇਹ, ਜਿੱਦਾਂ ਹੋਣ ਦਲਾਲ ਭਰਾਵੋ।

ਬੇਰੁਜ਼ਗਾਰੀ ਮਾਰੇ ਚਾਹੁੰਦੇ, ਕੰਮ ਆਪਣੇ ਹੱਥਾਂ ਦੀ ਖਾਤਰ,
ਕਾਣੇ ਕੀਤੇ ਲੋਕ ਵਿਚਾਰੇ, ਦੇ ਕੇ ਆਟਾ-ਦਾਲ ਭਰਾਵੋ।

ਆਉਂਦੇ ਹੈਨ ਸ਼ਿਕਾਰੀ ਬਣ ਜਦ, ਵੋਟਾਂ ਤਾਈਂ ਫੁੰਡਣ ਖਾਤਰ,
ਘੇਰ ਲਵੋ ਇਹਨਾਂ ਨੂੰ, ਪੁੱਛੋ, ਢੇਰਾਂ ਢੇਰ ਸਵਾਲ ਭਰਾਵੋ।

ਲੋਕਾਂ ਦੇ ਹੱਕਾਂ ਦੀ ਖਾਤਰ, ਕਾਲ਼ੇ ਕੋਲ਼ੇ ਤੋਂ ਵੀ ਬਦਤਰ,
ਖ਼ੁਦ ਨੂੰ ਸਮਝੀ ਰੱਖਣ ਬੇਸ਼ੱਕ, ਹੀਰੇ, ਪੰਨੇ, ਲਾਲ ਭਰਾਵੋ।

ਜਿੱਦਾਂ ਗੋਰੇ ਕੁੱਟ ਭਜਾਏ, ਲੋੜ ਬੜੀ ਹੈ ਹੁਣ ਵੀ 'ਸੂਫ਼ੀ'
ਕਾਸ਼, ਕਿਤੇ ਇਸ ਦੌਰ 'ਚ ਹੁੰਦੇ, ਭਗਤ-ਸਰਾਭੇ ਲਾਲ ਭਰਾਵੋ।

- ਅਮਰ ਸੂਫ਼ੀ

ਗ਼ਜ਼ਲ

ਕਿਸੇ ਅੱਗੇ ਤੂੰ ਰੱਖੀਂ ਫਿਰ ਮੁਹੱਬਤ ਕਰਨ ਦੀ ਇੱਛਾ।
ਅਗਰ ਹੈ ਦਿਲ 'ਚ ਤੇਰੇ ਸਿਰ ਤਲੀ 'ਤੇ ਧਰਨ ਦੀ ਇੱਛਾ।

ਕਲੰਡਰ ਕੰਧ 'ਤੇ ਟੰਗੇ ਹਮੇਸ਼ਾ ਪੁੱਛਦੇ ਮੈਨੂੰ,
ਅਜੇ ਕਿੰਨੀ ਕੁ ਬਾਕੀ ਹੈ ਉਡੀਕਾਂ ਕਰਨ ਦੀ ਇੱਛਾ।

ਪਰਿੰਦਾ ਪਿੰਜਰੇ ਵਿੱਚ ਵੀ ਪਰਾਂ ਨੂੰ ਤੋਲਦਾ ਜਿਹੜਾ,
ਨਹੀਂ ਮੁੱਕੀ ਅਜੇ ਉਸ ਦੀ ਉਡਾਰੀ ਭਰਨ ਦੀ ਇੱਛਾ।

ਤਖੱਲਸ ਰੱਖ ਕੇ ਬਾਗੀ ਦੁਚਿੱਤੀ ਵਿੱਚ ਪਿਆ ਕਾਹਤੋਂ,
ਡਰੀਂ ਨਾ ਕਤਲਗਾਹਾਂ ਤੋਂ ਹੈ ਜੇਕਰ ਮਰਨ ਦੀ ਇੱਛਾ।

ਖੜ੍ਹਾ ਦਰਬਾਰ ਵਿੱਚ ਬੇਖੌਫ 'ਸਰਮਦ' ਆਖਦਾ ਹਾਕਮ ,
ਰਗਾਂ ਵਿੱਚ ਖੌਲਦੀ ਮੇਰੇ ਸਿਤਮ ਨੂੰ ਜਰਨ ਦੀ ਇੱਛਾ।

ਮੈਂ ਸਾਰੀ ਜ਼ਿੰਦਗੀ ਇਹ ਜ਼ਖਮ ਰੱਖੇ ਸੀ ਲੁਕੋ ਕੇ, ਪਰ,
ਤੇਰੇ ਮਨ ਵਿੱਚ ਕਿਉਂ ਜਾਗੀ ਇਨ੍ਹਾਂ ਨੂੰ ਭਰਨ ਦੀ ਇੱਛਾ।

ਗੁਰੂ ਜਦ ਦਕਸ਼ਣਾ ਮੰਗੀ ਕਿਹਾ, ਬੇਬਾਕ ਫਿਰ ਉਸ ਨੇ,
'ਅਜੈ ਤਨਵੀਰ' ਦੀ ਕੋਈ ਨਹੀਂ ਹੈ ਹਰਨ ਦੀ ਇੱਛਾ।

- ਅਜੈ ਤਨਵੀਰ

ਪਹਿਲਵਾਨ ਧੀਆਂ ਦੇ ਨਾਂਅ

ਬੇੜਾ ਬੈਠ ਜਾਏ ਗੋਦੀ ਮੀਡੀਆ ਦਾ
ਜੀਹਨੇ ਧੀਆਂ ਦੀ ਗੱਲ ਨਹੀਂ ਕਰੀ ਮੀਆਂ
ਸਾਡੀ ਸਲਾਮ ਹੈ ਦੇਸ਼ ਦੀਆਂ ਬੇਟੀਆਂ ਨੂੰ
ਅਠਾਈ ਮਈ ਨੂੰ ਜਿਹੜੀ ਉਨ੍ਹਾਂ ਜਰੀ ਮੀਆਂ
ਕਸਰ ਛੱਡੀ ਨਾ ਦੇਸ਼ ਦੇ ਹਾਕਮਾਂ ਨੇ
ਜਿੱਥੇ ਜੀ ਕੀਤਾ ਉੱਥੇ ਹੀ ਧਰੀ ਮੀਆਂ
ਜੰਤਰ-ਮੰਤਰ 'ਤੇ ਦੇਖਿਐ ਦੇਸ਼ ਸਾਰੇ
ਡਾਂਗ ਕਿਵੇਂ ਭਲਵਾਨਾਂ 'ਤੇ ਵਰ੍ਹੀ ਮੀਆਂ
ਇੱਜ਼ਤ ਰੋਲ'ਤੀ ਤਿਰੰਗੇ ਤੇ ਮੈਡਲਾਂ ਦੀ
ਨਵੇਂ ਖਿਡਾਰੀ ਵੀ ਜਾਂਦੇ ਐ ਡਰੀ ਮੀਆਂ
ਰਹਿਣੈ ਜੱਗ 'ਤੇ ਫੌਜੀਆ ਨਾਂਅ ਉਸ ਦਾ
ਜਿਨ੍ਹਾਂ ਪੀੜ ਦੁਖੀਆਂ ਦੀ ਹਰੀ ਮੀਆਂ
ਲਾਹਣਤ ਪੈਣੀ ਹੈ ਓਸ ਨੂੰ ਚਹੁੰ ਪਾਸੇ
ਚੌਕੀ ਜਰਵਾਣਿਆਂ ਦੀ ਜਿਨ੍ਹਾਂ ਭਰੀ ਮੀਆਂ
ਧੀ ਦੂਜੇ ਦੀ ਲੱਗਦੀ ਐ ਹੀਰ, ਸੋਹਣੀ
ਦਿਸਦੀ ਆਪਣੀ ਸਭ ਨੂੰ ਪਰੀ ਮੀਆਂ

— ਅਮਰਜੀਤ ਸਿੰਘ ਫੌਜੀ

ਅਸੀਂ ਪੰਜਾਬੀ

ਅਸੀਂ ਧੀਆਂ-ਪੁੱਤ ਪੰਜਾਬੀ ਹਾਂ,
ਸਾਡਾ ਵਿਰਸਾ ਹੀ ਸਰਮਾਇਆ ਹੈ।
ਅਸੀਂ ਜਬਰ-ਜ਼ੁਲਮ ਨਾਲ ਲੜਦੇ ਹਾਂ,
ਲੜਨਾ ਹੀ ਹਿੱਸੇ ਆਇਆ ਹੈ।

ਕਦੇ ਲੜੀਏ ਬੇਰੁਜ਼ਗਾਰੀ 'ਤੇ,
ਕਦੇ ਲੜੀਏ ਭ੍ਰਿਸ਼ਟਾਚਾਰ ਉੱਤੇ।
ਅੱਜ ਲੜੀਏ ਓਸ ਬਿਮਾਰੀ ਨਾਲ,
ਜੋ ਫੈਲੀ ਹੈ ਸੰਸਾਰ ਉੱਤੇ।
ਅੱਜ ਆਣ ਕੈਨੇਡਾ ਹੱਕਾਂ ਲਈ,
ਆ ਹੱਕੀ ਘੋਲ ਚਲਾਇਆ ਏ।
ਅਸੀਂ ਧੀਆਂ-ਪੁੱਤ .....।

ਸਾਡਾ ਜਿਸਮ ਮਸ਼ੀਨੀ ਬਣ ਚੁੱਕਾ,
ਇਸ ਦੇਸ਼ ਨੂੰ ਪਿਆ ਚਲਾਉਂਦਾ ਏ।
ਹੱਡਾਂ ਦਾ ਬਾਲਣ ਬਾਲ਼ ਕੇ ਇਹ,
ਵਿੱਚ ਖੂਨ ਜਿਗਰ ਦਾ ਪਾਉਂਦਾ ਏ।
ਕੋਈ ਜ਼ੋਰ ਨਹੀਂ ਕੋਈ ਜਬਰ ਨਹੀ,
ਅਸੀਂ ਹੱਕ ਦਾ ਨਾਅਰਾ ਲਾਇਆ ਏ।
ਅਸੀਂ ਧੀਆਂ-ਪੁੱਤ .....।

ਅਸੀਂ ਅਨਪੜ੍ਹ ਕੋਈ ਗਵਾਰ ਨਹੀਂ,
ਅਸੀਂ ਏਜੰਟਾਂ ਹੱਥੋਂ ਸਤਾਏ ਹਾਂ।
ਮਾਂ-ਬਾਪ ਦੀ ਪੂੰਜੀ ਝੋਕ ਦਿੱਤੀ,
ਫਿਰ ਇਸ ਮੁਲਕ ਵਿੱਚ ਆਏ ਹਾਂ।
ਹੁਣ ਵਾਪਸ ਮੁੜਨਾ ਔਖਾ ਏ,
ਤਾਹੀਓਂ ਤਾਂ ਮੋਰਚਾ ਲਾਇਆ ਏ।
ਅਸੀਂ ਧੀਆਂ-ਪੁੱਤ .....।

ਅਸੀਂ ਧੋਖਾਧੜੀ 'ਚ ਫਸ ਬੈਠੇ ,
ਪਰ ਧੋਖਾ ਕਿੱਥੇ ਹੋਇਆ ਏ।
ਅਸੀਂ ਇਸ ਦੇ ਜ਼ਿੰਮੇਵਾਰ ਨਹੀਂ ,
ਸਾਥੋਂ ਕਿਸ ਨੇ ਕੀ ਲੁਕੋਇਆ ਏ
ਤੁਸੀਂ ਦੋਸ਼ੀ ਫੜੋ ਦਲਾਲਾਂ ਨੂੰ,
ਜਿਨ੍ਹਾਂ ਦੁਨੀਆ ਨੂੰ ਭਰਮਾਇਆ ਏ।
ਅਸੀਂ ਧੀਆਂ-ਪੁੱਤ .....।

ਅਸੀਂ ਤੁਰੇ ਗਦਰ ਦੀਆਂ ਲਹਿਰਾਂ ਤੋਂ,
ਫਰਾਂਸਿਸਕੋ ਵਰਗੇ ਸ਼ਹਿਰਾਂ ਤੋਂ।
ਅਸੀਂ ਅੱਗ ਨਾਲ ਖੇਡਣਾ ਜਾਣਦੇ ਹਾਂ,
ਕੀ ਡਰਨਾ ਸਿਖਰ ਦੁਪਹਿਰਾਂ ਤੋਂ।
ਇਹ ਘੋਲ ਵੀ ਇੱਕ ਇਤਿਹਾਸ ਬਣੂ,
ਜੀਹਨੇ ਵਕਤ ਨੂੰ ਸੋਚੀਂ ਪਾਇਆ ਏ।
ਅਸੀਂ ਧੀਆਂ-ਪੁੱਤ .....।

ਇਹ ਘੋਲ ਹੈ ਸਾਡੇ ਸਮਿਆਂ ਦਾ,
ਸਭ ਲੋਕ ਜੀਹਦੀ ਜਿੰਦ-ਜਾਨ ਬਣੇ।
ਇਹ ਲੋਕ ਹੀ ਸਾਡੀ ਪਿੱਠ ਉੱਤੇ,
ਇਹ ਲੋਕ ਹੀ ਅੱਜ ਮਹਾਨ ਬਣੇ।
ਇਹ ਲੋਕ 'ਲੰਗੇਰੀ' ਜਿੱਤਣਗੇ,
ਲੋਕਾਂ ਇਹ ਮਤਾ ਪਕਾਇਆ ਏ।
ਅਸੀਂ ਧੀਆਂ-ਪੁੱਤ ਪੰਜਾਬੀ ਹਾਂ,
ਸਾਡਾ ਵਿਰਸਾ ਹੀ ਸਰਮਾਇਆ ਹੈ।
ਅਸੀਂ ਜਬਰ-ਜ਼ੁਲਮ
ਨਾਲ ਲੜਦੇ ਹਾਂ,
ਲੜਨਾ ਹੀ ਹਿੱਸੇ ਆਇਆ ਹੈ।

— ਅਵਤਾਰ ਲੰਗੇਰੀ

ਕਿਣਮਿਣ ਦੀ ਉਡੀਕ

ਡਾਇਰੀ ਦਾ ਖੰਨਾ

ਨਿੰਦਰ ਘੁਗਿਆਣਵੀ

ਮਹਾਂਰਾਸ਼ਟਰ ਵਿੱਚ ਹਾਲੇ ਤੀਕ ਮੌਨਸੂਨ ਨਹੀਂ ਬਹੁੜੀ, ਹੋ ਸਕਦੈ ਕਿ ਇਸ ਕਾਲਮ ਦੇ ਛਪਣ ਤੀਕ ਇੱਥੇ ਮੌਨਸੂਨ ਦੀ ਆਮਦ ਹੋ ਹੀ ਜਾਵੇ ਤੇ ਮਚਦੇ-ਭੁੱਜਦੇ ਲੋਕੀਂ ਠੰਢੇ ਹੋ ਜਾਵਣ। ਗਰਮੀ ਨਾਲ ਹਾਲੋਂ-ਬੇਹਾਲ ਹੋਏ ਫਿਰਦੇ ਇੱਥੋਂ ਦੇ ਲੋਕ ਆਖ ਰਹੇ ਨੇ ਕਿ ਬੜੀ ਲੇਟ ਹੋ ਗਈ ਹੈ ਇਸ ਵਾਰ ਮੌਨਸੂਨ, ਫਸਲਾਂ ਤੇ ਸਬਜ਼ੀਆਂ ਸੜ ਰਹੀਆਂ ਨੇ, ਪੂਜਾ ਕਰਨ ਵਿਚ ਮਨ ਨਹੀਂ ਲੱਗਦਾ। ਕੀ ਕਰੀਏ ? ਕਿੱਧਰ ਜਾਈਏ ? ਗਰਮੀ ਦੇ ਸਤਾਏ ਲੋਕ ਵਾਹਨ ਵੀ ਤੇਜ਼-ਤੇਜ਼ ਭਜਾਉਂਦੇ ਦਿਸਦੇ ਹਨ ਤੇ ਆਪੋ ਵਿੱਚ ਭਿੜ ਵੀ ਜਾਂਦੇ ਹਨ।

ਜੂਨ ਮਹੀਨੇ ਦੇ ਆਖੀਰ ਤੱਕ ਤਾਂ ਮੌਨਸੂਨ ਪੰਜਾਬ ਵਿਚ ਵੀ ਆ ਜਾਂਦੀ ਹੈ, ਪਰ ਪੰਜਾਬ ਵੀ ਹਾਲੇ ਮੌਨਸੂਨ ਦੀ ਉਡੀਕ ਕਰ ਰਿਹਾ ਹੈ। ਖੇਤੋਂ ਝੋਨੇ ਦੀਆਂ ਪਨੀਰੀਆਂ ਪੁੱਟੀਆਂ ਜਾ ਰਹੀਆਂ ਨੇ ਤੇ ਝੋਨੇ ਲੱਗ ਰਹੇ ਨੇ। ਮਾਲਵੇ ਖਿੱਤੇ ਵਿੱਚ ਇਸ ਵਾਰ ਟਮਾਟਰਾਂ ਦੀ ਹੋਈ ਬੇਕਦਰੀ ਨੇ ਕਿਸਾਨਾਂ ਦਾ ਰੰਗ ਵੀ ਫਿਕਰ ਤੇ ਝੋਰੇ ਕਾਰਨ ਟਮਾਟਰਾਂ ਵਰਗਾ ਹੀ ਕਰ ਦਿੱਤਾ ਹੈ।

—— —— —— —— ——

ਇੱਥੇ ਵਰਧਾ ਮੈਂ 20 ਜੂਨ ਦੀ ਸਵੇਰ ਨੂੰ ਅੱਪੜ ਗਿਆ ਸਾਂ ਤੇ ਪੂਨੇ ਤੋਂ ਜਹਾਜ਼ ਬਦਲਣਾ ਪਿਆ। ਨਾਗਪੁਰ ਉੱਤਰਿਆ, ਦਫਤਰ ਦੀ ਗੱਡੀ ਆਈ ਖੜੀ ਸੀ ਲੈਣ। ਵੇਲੇ ਸਿਰ ਵਰਧਾ ਪੁੱਜਾ। ਜਦ ਦੁਪਹਿਰ ਭਖਣ ਲੱਗੀ ਤਾਂ ਸਾਡੀ ਯੂਨੀਵਰਸਿਟੀ ਦੇ ਪੰਚ-ਟੀਲੇ ਪਹਾੜਾਂ ਉਤੋਂ ਆਉਂਦੀ ਤੱਤੀ ਲੂਅ ਪਿੰਡੇ ਲੂਹਣ ਲੱਗੀ। ਮੇਰੇ ਕੋਲ ਤਾਂ ਛਤਰੀ ਜਾਂ ਪਰਨਾ ਵੀ (ਸਾਫਾ) ਨਹੀਂ। ਹਾਂ, ਨਾਲ ਮਾਸਕ ਜ਼ਰੂਰ ਰੱਖੇ ਹੋਏ ਹਨ ਤੇ ਮਾਸਕ ਗਰਮੀ ਰੋਕੇਗਾ ਨਹੀਂ, ਸਗੋਂ ਸਾਹ ਹੋਰ ਹੋਰ ਘੁਟੇਗਾ। ਪਹਾੜਾਂ ਉੱਤੇ ਫਿਰਦਿਆਂ ਮਾਸਕ ਲਾਈਏ ਤਾਂ ਸਾਹ ਵੀ ਘੁੱਟਿਆ ਜਾਂਦਾ ਹੈ। ਖੈਰ!

———— ———

ਸਾਰਾ-ਸਾਰਾ ਦਿਨ ਤੱਤਾ ਹਨੇਰ ਵਗਦਾ ਹੈ। ਬੂਟੇ ਪੌਦੇ ਸੁੱਕ-ਮੜੁੱਕ ਚੱਲੇ ਨੇ। ਕੌਣ ਕੋਈ ਕਿੰਨਾ ਕੁ ਪਾਣੀ ਪਾਈ ਚੱਲੇ ? ਮਾਲੀ ਥੱਕ-ਹਾਰ ਕੇ ਅਕਾਸ਼ ਵੱਲ ਝਾਕਦੇ ਨੇ। ਜਦ ਤੱਕ ਇੰਦਰ ਦੇਵਤਾ ਮਿਹਰਬਾਨ ਨਹੀਂ ਹੁੰਦਾ, ਤਦ ਤੀਕ ਕੋਈ ਚਾਰਾ ਨਹੀਂ। ਕੁਮਲਾਏ ਤੇ ਬਾਵਰੇ-ਬਾਵਰੇ ਝਾਕਦੇ ਰੁੱਖ ਵੀ ਇਕ-ਦੂਸਰੇ ਨੂੰ ਪੁੱਛ ਰਹੇ ਜਾਪਦੇ ਨੇ ਕਿ ਕਦ ਆਵੇਗਾ ਮੀਂਹ, ਕਿਸੇ ਰੋਕ ਰੱਖੀ ਹੈ ਕਿਣਮਿਣ ਕਿਣਮਿਣ— ? ਹਰੇਕ ਹੱਥ ਛਤਰੀ ਹੈ, ਕੀ ਨਿਆਣਾ, ਕੀ ਸਿਆਣਾ। ਸਿਰਾਂ ਮੂੰਹਾਂ ਉਤੇ ਵਲੇ ਹੋਏ ਨੇ ਪਰਨੇ। ਪੈਰੀਂ ਆਮ ਜਿਹੀਆਂ ਚੱਪਲਾਂ ਨੇ। ਬਹੁਤੇ ਲੋਕ ਹਲਕੇ ਜਿਹੇ ਕੱਪੜੇ ਦੇ ਕੁੜਤੇ-ਪਜਾਮੇ ਪਾਈ ਫਿਰਦੇ ਨੇ। ਬਹੁਤੇ ਪ੍ਰੋਫੈਸਰ ਤਾਂ ਪਤਲੀਆਂ-ਪਤਲੀਆਂ ਧੋਤੀਆਂ ਬੰਨ੍ਹੀ ਤੇ ਗੇਰੂਏ ਜਾਂ ਰੰਗ-ਬਿਰੰਗੇ ਲੰਬੇ ਕੁੜਤੇ ਪਹਿਨ ਕੇ ਯੂਨੀਵਰਸਿਟੀ ਆਉਂਦੇ ਨੇ। ਕਿਸੇ ਨੇ ਬੋਦੀ ਛੱਡੀ ਹੋਈ ਹੈ ਤੇ ਮੱਥੇ ਉਤੇ ਲੰਮਾ ਤਿਲਕ ਚਮਕ ਰਿਹਾ ਹੈ। ਕੋਈ "ਰਾਮ ਰਾਮ" ਬੁਲਾ ਰਿਹਾ ਹੈ ਤੇ ਕੋਈ "ਨਮਸਤੇ" ਤੇ ਕੋਈ "ਪਰਨਾਮ" ਆਖਦਾ ਹੈ।

——— ———— ———— ———

ਅੱਧੀ ਕੁ ਰਾਤ ਤੋਂ ਬਾਅਦ ਜਦ ਠੰਢਕ ਜਿਹੀ ਹੁੰਦੀ ਹੈ ਤਾਂ ਪਹਾੜਾਂ 'ਚੋਂ ਵੰਨ-ਸੁਵੰਨੇ ਜੀਵ-ਜੰਤੂ ਬਾਹਰ ਭੁੜਕਣ ਲੱਗਦੇ ਨੇ। ਸੋਹਾਂ ਨਿਕਲਦੀਆਂ ਨੇ ਠੰਡਕ ਮਾਣਨ ਨੂੰ। ਇਥੇ ਕੋਬਰੇ ਤੋਂ ਵੀ ਭੈੜਾ 'ਰਸਾਲ' ਨਾਮੀ ਸੱਪ ਮਿਲਦਾ ਹੈ। ਲੋਕੀਂ ਡਰ-ਡਰ ਲੰਘਦੇ ਨੇ ਕਿ ਕੀ ਪਤਾ ਕਦੋਂ ਰਾਹ ਵਿਚ ਆ ਜਾਵੇ ਰਸਾਲ ਚੰਦਰਾ! ਮੇਰੀ ਰਿਹਾਇਸ਼ ਪਹਾੜ ਦੇ ਪੈਰਾਂ ਥੱਲੇ ਹੈ। ਜੀਵ-ਜੰਤੂਆਂ ਦੀਆਂ ਵੰਨ-ਸੁਵੰਨੀਆਂ ਆਵਾਜ਼ਾਂ ਸਹਿਜੇ ਹੀ ਸੁਣ ਲੈਂਦਾ ਹਾਂ ਮੈਂ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਬਾਂਦਰਾਂ ਵਾਂਗਰ ਏਥੇ ਵੀ ਬਾਂਦਰਾਂ-ਬਾਂਦਰੀਆਂ ਦੀ ਕੋਈ ਕਮੀ ਨਹੀਂ ਹੈ। ਬੜਾ ਸ਼ੋਰ ਪਾਉਂਦੇ ਨੇ ਸਾਲੇ! ਪੰਜਾਬੀ ਯੂਨੀਵਰਸਿਟੀ ਪਟਿਆਲੇ ਦੇ ਮੋਰਾਂ ਨੂੰ ਯਾਦ ਕਰਦਾ ਹਾਂ, ਏਥੇ ਕਿਥੇ ਲੱਭਦਾ ਮੋਰ ? ਪੰਛੀ ਵੀ ਨਹੀਂ ਕੋਈ ਖਾਸ ਸਿਵਾਏ ਮਰੀਆਂ ਜਿਹੀਆਂ ਚਿੜੀਆਂ ਦੇ। ਚਿੜੀਆਂ ਵੀ ਆਥਣੇ ਸਵੇਰੇ ਹੀ ਉਡਦੀਆਂ ਨੇ।

ਮਰਾਠੀ ਦਾ ਪ੍ਰੋਫੈਸਰ ਸੰਦੀਪ ਮਧੁਕਰ ਸਪਕਾਲੇ ਮੈਂ ਸਾਂ ਜੱਜ ਦਾ ਅਰਦਲੀ ਨੂੰ ਹਿੰਦੀ ਤੋਂ ਮਰਾਠੀ ਵਿਚ ਅਨੁਵਾਦ ਰਿਹਾ ਹੈ ਤੇ ਯੂਨੀਵਰਸਿਟੀ ਛਾਪੇਗੀ। ਅੱਜ ਸਵੇਰੇ ਦਫਤਰ ਆਉਂਦਿਆਂ ਪ੍ਰੋ. ਸਪਕਾ

2-July-Sunday.qxd 7/1/2023 10:21 PM Page 2

ਸਿੱਖਿਆ ਸੰਸਾਰ

ਯਸ਼ ਪਾਲ

ਪਾਠਕ੍ਰਮਾਂ ਦੀ ਛਾਂਗ-ਛੰਗਾਈ

'ਤਰਕਸੰਗਤਾ' ਦੀ ਆੜ 'ਚ ਪਾਰਖੂ-ਚਿੰਤਨ ਤੇ ਵਿਗਿਆਨਕ ਬਿਰਤੀ ਨੂੰ ਮੋਂਦਾ ਲਾਉਣ ਦੀ ਸ਼ਾਤਰ ਚਾਲ

ਪਾਠਕ੍ਰਮ-ਪ੍ਰਣਾਲੀ ਬਨਾਮ ਸਿੱਖਿਆ ਨੀਤੀ

ਕੇਂਦਰ ਸਰਕਾਰ ਵੱਲੋਂ ਸਕੂਲੀ ਸਿੱਖਿਆ ਦੇ ਪਾਠਕ੍ਰਮਾਂ ਦੀ ਕੀਤੀ ਗਈ ਛਾਂਗ-ਛੰਗਾਈ 'ਤੇ ਵਿਸਥਾਰਤ ਚਰਚਾ ਕਰਨ ਤੋਂ ਪਹਿਲਾਂ ਸਾਂਝੇ ਕਰਨ ਵਾਲੇ ਕੁਝ ਅਹਿਮ ਨੁਕਤੇ।

* ਕਿਸੇ ਵੀ ਮੁਲਕ ਅੰਦਰ ਸਿੱਖਿਆ ਪ੍ਰਦਾਨ ਕਰਨ ਲਈ ਪਾਠਕ੍ਰਮ-ਪ੍ਰਣਾਲੀ ਮੌਕੇ ਦੀ ਹਕੂਮਤੀ ਪਾਰਟੀ ਵੱਲੋਂ ਲਾਗੂ ਕੀਤੀ ਜਾ ਰਹੀ ਸਿੱਖਿਆ ਨੀਤੀ ਦੀ ਮੂਲ-ਚੂਲ ਹੁੰਦੀ ਹੈ ਤੇ ਸਿੱਖਿਆ ਨੀਤੀ, ਉਸ ਹਕੂਮਤੀ ਪਾਰਟੀ ਵੱਲੋਂ ਲਾਗੂ ਕੀਤੇ ਜਾ ਰਹੇ ਆਰਥਕ- ਰਾਜਨੀਤਿਕ-ਰਣਨੀਤਕ ਏਜੰਡੇ ਦੀ ਦਿਸ਼ਾ-ਸੇਧ ਦੇ ਅਨੁਸਾਰੀ ਹੀ ਬਣਾਈ ਜਾਂਦੀ ਹੈ। ਸਿੱਖਿਆ ਨੀਤੀ ਦੇ ਉਦੇਸ਼ ਵੀ ਉਸ ਏਜੰਡੇ ਦੇ ਉਦੇਸ਼ਾਂ ਨਾਲੋਂ ਹਟਵੇਂ ਨਹੀਂ ਹੋ ਸਕਦੇ। ਬੱਚਿਆਂ ਨੂੰ ਕੀ ਪੜ੍ਹਾਉਣਾ ਹੈ, ਕੀ ਨਹੀਂ ਪੜ੍ਹਾਉਣਾ, ਕਿਸ ਨੂੰ ਕਿੰਨਾ ਪੜ੍ਹਾਉਣਾ ਹੈ, ਕਿਵੇਂ ਪੜ੍ਹਾਉਣਾ ਹੈ, ਕਿੱਥੇ ਪੜ੍ਹਾਉਣਾ ਹੈ, ਉਨ੍ਹਾਂ ਉਦੇਸ਼ਾਂ ਦੀ ਪੂਰਤੀ ਦੀਆਂ ਲੋੜਾਂ ਹੀ ਤਹਿ ਕਰਦੀਆਂ ਹਨ। ਇਸ ਦੇ ਨਾਲ ਹੀ ਇਹ ਵੀ ਕਿ ਹਕੂਮਤੀ ਪਾਰਟੀ ਵੱਲੋਂ ਆਪਣੇ ਆਰਥਕ-ਰਾਜਨੀਤਕ, ਸਮਾਜਕ-ਸੱਭਿਆਚਾਰਕ ਏਜੰਡੇ ਨੂੰ ਲਾਗੂ ਕਰਨ ਲਈ ਸਿੱਖਿਆ ਖੇਤਰ ਅਹਿਮ ਤੇ ਸਭ ਖੇਤਰਾਂ ਨਾਲੋਂ ਵੱਧ ਕਾਰਗਰ ਖੇਤਰ ਹੈ।

* ਕੇਂਦਰ ਦੀ ਮੋਦੀ ਸਰਕਾਰ ਵੱਲੋਂ 'ਕੋਵਿਡ' ਦੇ ਬਹਾਨੇ ਤਰਕਸੰਗਤਾ ਦੀ ਆੜ 'ਚ ਕੌਮੀ ਸਿੱਖਿਆ ਨੀਤੀ-2020 ਨੂੰ ਲਾਗੂ ਕਰਦਿਆਂ 6ਵੀਂ ਤੋਂ 12ਵੀਂ ਸ਼੍ਰੇਣੀ ਤੱਕ ਦੀ ਸਕੂਲੀ ਸਿੱਖਿਆ ਦੀਆਂ ਇਤਿਹਾਸ, ਰਾਜਨੀਤੀ ਵਿਗਿਆਨ, ਸਮਾਜਕ ਵਿਗਿਆਨ, ਸਾਇੰਸ ਤੇ ਗਣਿਤ ਦੀਆਂ ਪਾਠ-ਪੁਸਤਕਾਂ ਦੇ ਪਾਠਕ੍ਰਮ ਵਿਚ ਕੀਤੀ ਗਈ/ ਕੀਤੀ ਜਾ ਰਹੀ ਭਾਰੀ ਛਾਂਗ-ਛੰਗਾਈ ਦੀ ਉਕਤ ਨੁਕਤਿਆਂ ਦੇ ਸੰਦਰਭ 'ਚ ਰੱਖ ਕੇ ਨਜ਼ਰਸਾਨੀ ਕੀਤੀ ਜਾਵੇਗੀ ਕਿ ਕਿਹੜੀ ਛਾਂਗ-ਛੰਗਾਈ ਕਿਉਂ ਕੀਤੀ ਗਈ ਹੈ।



ਪਾਠਕ੍ਰਮਾਂ ਦੀ ਛਾਂਗੀ ਗਈ ਸਮਗਰੀ : ਸੰਖੇਪ ਝਾਤ

ਇਹ ਨਜ਼ਰਸਾਨੀ ਕਰਨ ਤੋਂ ਪਹਿਲਾਂ ਕਿ ਵੱਖ-ਵੱਖ ਸ਼੍ਰੇਣੀਆਂ ਦੀਆਂ ਪਾਠ ਪੁਸਤਕਾਂ ਦੇ ਪਾਠਕ੍ਰਮ ਵਿੱਚੋਂ ਛਾਂਗੀ ਗਈ ਸਮਗਰੀ ਦਾ ਕੌਮੀ ਸਿੱਖਿਆ ਨੀਤੀ-2020 ਨਾਲ ਕੀ ਕੜੀ-ਜੋੜ ਬਣਦਾ ਹੈ ਅਤੇ ਇਸ ਨੂੰ ਲਾਗੂ ਕਰਨ ਵਾਲੀ ਕੇਂਦਰ ਦੀ ਮੋਦੀ ਸਰਕਾਰ ਦੇ ਕਿਸ ਨੀਤੀ-ਏਜੰਡੇ ਦੀ ਪੂਰਤੀ ਦਾ ਹੱਥਾ ਬਣੇਗੀ, ਆਪਾਂ ਛਾਂਗੀ ਗਈ ਸਮਗਰੀ 'ਤੇ ਇੱਕ ਸੰਖੇਪ ਝਾਤ ਮਾਰਦੇ ਹਾਂ।

ਪਾਠਕ੍ਰਮਾਂ ਦੀ ਇਹ ਮੌਜੂਦਾ ਛਾਂਗ-ਛੰਗਾਈ 'ਕੌਮੀ ਸਿੱਖਿਆ ਖੋਜ ਤੇ ਸਿਖਲਾਈ ਪ੍ਰੀਸ਼ਦ' ਵੱਲੋਂ ਗਠਿਤ 'ਕੌਮੀ ਪਾਠ-ਪ੍ਰਣਾਲੀ ਚੌਖਟਾ-2023' ਦੀਆਂ ਅਗਵਾਈ-ਸੇਧਾਂ ਅਨੁਸਾਰ ਕੀਤੀ ਗਈ/ ਕੀਤੀ ਜਾ ਰਹੀ ਹੈ। ਅੰਗਰੇਜ਼ੀ ਅਖਬਾਰ 'ਇੰਡੀਅਨ ਐੱਕਸਪ੍ਰੈੱਸ' ਨੇ ਸਭ ਤੋਂ ਪਹਿਲਾਂ ਇਸ ਛਾਂਗ-ਛੰਗਾਈ ਦੀ ਵਿਸਥਾਰਤ ਪੜਤਾਲੀਆ ਰਿਪੋਰਟ 18 ਜੂਨ ਤੋਂ 22 ਜੂਨ 2022 (4 ਭਾਗਾਂ 'ਚ) ਤੱਕ ਛਾਪੀ ਸੀ, ਜੋ ਕਿ 6ਵੀਂ ਤੋਂ 12ਵੀਂ ਸ਼੍ਰੇਣੀ ਤੱਕ ਇਤਿਹਾਸ, ਰਾਜਨੀਤੀ ਵਿਗਿਆਨ ਤੇ ਸਮਾਜ ਵਿਗਿਆਨ ਦੀਆਂ 21 ਪਾਠ ਪੁਸਤਕਾਂ ਦੀ ਕੀਤੀ ਛੰਗਾਈ 'ਤੇ ਆਧਾਰਤ ਸੀ।

ਕਿਹੜੀ ਸ਼੍ਰੇਣੀ ਦੀ ਕਿਸ ਪੁਸਤਕ ਵਿੱਚੋਂ ਕਿਹੜੀ ਸਮਗਰੀ ਛਾਂਗੀ ਗਈ, ਇਸ ਦੇ ਵਿਸਥਾਰ 'ਚ ਨਾ ਜਾਂਦੇ ਹੋਏ ਗੁਜਰਾਤ ਦੇ 2002 ਦੇ ਮੁਸਲਿਮ ਵਿਰੋਧੀ ਦੰਗਿਆਂ ਨਾਲ ਸੰਬੰਧਤ ਸਾਰੀ ਸਮਗਰੀ, ਇੱਥੋਂ ਤੱਕ ਕਿ ਦੰਗਿਆਂ ਸੰਬੰਧੀ 'ਕੌਮੀ ਮਾਨਵ ਅਧਿਕਾਰ ਕਮਿਸ਼ਨ' ਦੀ ਨਿਰੀਖਣ ਟਿੱਪਣੀ ਅਤੇ ਤਤਕਾਲੀ ਪ੍ਰਧਾਨ ਮੰਤਰੀ ਸ੍ਰੀ ਵਾਜਪਾਈ ਦੀ ਵੀਇਹ ਟਿੱਪਣੀ, "ਮੁੱਖ ਮੰਤਰੀ ਨੂੰ (ਗੁਜਰਾਤ ਦੇ ਤਤਕਾਲੀ ਮੁੱਖ ਮੰਤਰੀ ਮੋਦੀ ਦੀ ਹਾਜ਼ਰੀ 'ਚ) ਮੇਰੀ ਇਹ ਸੁਣਾਉਣੀ ਹੈ ਕਿ ਉਸ ਨੂੰ 'ਰਾਜ ਧਰਮ' ਦਾ ਪਾਲਣ ਕਰਨਾ ਚਾਹੀਦਾ ਹੈ। ਰਾਜੇ ਨੂੰ ਜਾਤੀ, ਮੱਤ ਤੇ ਧਰਮ ਦੇ ਆਧਾਰ 'ਤੇ ਆਪਣੀ ਪਰਜਾ ਨਾਲ ਕਿਸੇ ਕਿਸਮ ਦਾ ਕੋਈ ਵਿਤਕਰਾ ਨਹੀਂ ਕਰਨਾ ਚਾਹੀਦਾ", ਛਾਂਗ ਦਿੱਤੀ ਗਈ ਹੈ। ਇਨ੍ਹਾਂ ਦੰਗਿਆਂ ਨਾਲ ਹੀ ਜੁੜਿਆ 'ਫਿਰਕਾਪ੍ਰਸਤੀ, ਧਰਮ-ਨਿਰਲੇਪਤਾ ਤੇ ਕੌਮੀ-ਰਾਜ' ਸਿਰਲੇਖ ਹੇਠਲਾ ਸਾਰਾ ਪਹਿਰਾ ਹੀ ਕੱਢ ਦਿੱਤਾ ਗਿਆ ਹੈ। (ਰਾਜਨੀਤੀ ਵਿਗਿਆਨ, ਸ਼੍ਰੇਣੀ—12) ਪਰ ਦੂਜੇ ਪਾਸੇ 1984 ਦੇ ਸਿੱਖ ਵਿਰੋਧੀ ਦਿੱਲੀ ਦੰਗਿਆਂ ਨਾਲ ਜੁੜਿਆ ਬਿਰਤਾਂਤ ਨਹੀਂ ਕੱਢਿਆ ਗਿਆ।

ਜੂਨ, 1975 'ਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਮੁਲਕ ਭਰ 'ਚ ਲਾਈ ਗਈ 'ਐਮਰਜੈਂਸੀ' ਦਾ ਜ਼ਿਕਰ ਤਾਂ ਹੈ, ਪਰ ਉਸ ਦੇ ਲੋਕਾਂ ਅਤੇ ਰਾਜ ਦੀਆਂ ਸੰਸਥਾਵਾਂ ਉੱਪਰ ਪਏ ਮਾਰੂ ਪ੍ਰਭਾਵਾਂ ਵਾਲਾ ਹਿੱਸਾ ਛਾਂਗ ਦਿੱਤਾ ਗਿਆ ਹੈ।

1947 ਦੀ ਮੁਲਕ ਵੰਡ ਤੋਂ ਬਾਅਦ ਜਨਤਾ ਦੇ ਜੀਵਨ ਨਾਲ ਜੁੜੇ 'ਜਨਤਕ ਅੰਦੋਲਨਾਂ ਦੇ ਉਭਾਰ' ਦੀ ਸਮਗਰੀ ਪਾਠਾਂ ਵਿੱਚੋਂ ਛਾਂਗ ਦਿੱਤੀ ਗਈ ਹੈ। (ਸ਼੍ਰੇਣੀ 6 ਤੋਂ 12, ਰਾਜਨੀਤੀ ਵਿਗਿਆਨ) ਇਨ੍ਹਾਂ ਵਿੱਚ 1970 ਦਾ ਉੱਤਰਖੰਡ ਦਾ ਵਾਤਾਵਰਣ ਬਚਾਓ ਦਾ 'ਚਿਪਕੋ ਅੰਦੋਲਨ', 'ਨਰਮਦਾ ਬਚਾਓ ਅੰਦੋਲਨ', ਮਹਾਰਾਸ਼ਟਰ ਦਾ 'ਦਲਿਤ ਪੈਂਥਰ ਅੰਦੋਲਨ', 1980ਵਿਆਂ ਦਾ ਬੀ ਕੇ ਯੂ ਦਾ 'ਕਿਸਾਨ ਅੰਦੋਲਨ', ਤਿੰਨ ਖੇਤੀ ਕਾਨੂੰਨਾਂ ਵਿਰੁੱਧ ਚੱਲੇ 'ਮਹਾਨ ਕਿਸਾਨ ਅੰਦੋਲਨ' ਸੰਬੰਧੀ ਵਿਦਿਆਰਥੀਆਂ ਤੋਂ ਪੁੱਛਿਆ ਗਿਆ ਪ੍ਰਸ਼ਨ, ਮੱਧ ਪ੍ਰਦੇਸ਼ ਦਾ ਆਦਿ ਵਾਸੀਆਂ ਦੇ ਉਜਾੜੇ ਵਿਰੁੱਧ ਚੱਲੇ ਅੰਦੋਲਨ ਦੇ ਬਿਰਤਾਂਤ ਵਾਲਾ ਸਾਰਾ ਹੀ ਪਾਠ 'ਸਮਾਨਤਾ ਲਈ ਸੰਘਰਸ਼', ਨੇਪਾਲ ਅੰਦਰ 'ਲੋਕਤੰਤਰ ਲਈ ਲਹਿਰ', ਬੋਲੀਵੀਆ ਅੰਦਰ ਪਾਣੀ ਦੇ ਨਿੱਜੀਕਰਨ ਵਿਰੁੱਧ ਅੰਦੋਲਨ', 'ਸੂਚਨਾ ਅਧਿਕਾਰ ਕਾਨੂੰਨ ਲਈ ਅੰਦੋਲਨ' ਆਦਿ ਸ਼ਾਮਲ ਹਨ। ਕਿਸਾਨ ਅੰਦੋਲਨਾਂ ਵਿੱਚੋਂ 'ਨਕਸਲਬਾੜੀ ਕਿਸਾਨ ਅੰਦੋਲਨ' (ਸ਼੍ਰੇਣੀ-12) ਅਤੇ 1870 ਦੇ 'ਦੇਸ਼ਧ੍ਰੋਹ ਕਾਨੂੰਨ' ਦੇ ਆਪਹੁਦਰੇਪਣ ਬਾਰੇ ਪੁੱਛੇ ਪ੍ਰਸ਼ਨ (ਸ਼੍ਰੇਣੀ-8) ਨੂੰ ਵੀ ਕੱਢ ਦਿੱਤਾ ਗਿਆ ਹੈ।

ਲੋਕਤੰਤਰ ਦੀ ਪਰਿਭਾਸ਼ਾ ਅਤੇ ਵੱਖ-ਵੱਖ ਪਹਿਲੂਆਂ ਦੇ ਜ਼ਿਕਰ ਵਾਲੇ 4 ਪਾਠ (ਸ਼੍ਰੇਣੀ 6 ਰਾਜਨੀਤੀ ਵਿਗਿਆਨ), 'ਲੋਕਤੰਤਰ ਤੇ ਵਿਭਿੰਨਤਾ' ਅਤੇ 'ਲੋਕਤੰਤਰ ਨੂੰ ਦਰਪੇਸ਼ ਚੁਣੌਤੀਆਂ' ਦੇ 2 ਪਾਠ (ਸ਼੍ਰੇਣੀ 10, ਰਾਜਨੀਤੀ ਵਿਗਿਆਨ) ਪੂਰੇ ਦੇ ਪੂਰੇ ਛਾਂਗ ਦਿੱਤੇ ਗਏ ਹਨ। ਇਨ੍ਹਾਂ ਪਾਠਾਂ 'ਚ ਜਾਤੀ, ਧਰਮ, ਕੌਮ 'ਤੇ ਆਧਾਰਤ ਸਮਾਜਕ-ਵੰਡੀਆਂ ਤੇ ਅਸਮਤਾਵਾਂ ਦਾ ਵੇਰਵਾ ਸੀ।

ਮੁਲਕ ਦੀ ਵੰਡ, ਸੰਵਿਧਾਨ ਦੀ ਸਿਰਜਣਾ ਅਤੇ ਭਾਸ਼ਾ ਦੇ ਆਧਾਰ 'ਤੇ ਰਾਜਾਂ ਦੀ ਸਥਾਪਨਾ ਨਾਲ ਸੰਬੰਧਤ ਪਾਠ ਵੀ ਕੱਢ ਦਿੱਤੇ ਗਏ ਹਨ। (ਸ਼੍ਰੇਣੀ 8, ਰਾਜਨੀਤੀ ਵਿਗਿਆਨ)

ਪੁਰਾਤਨ ਭਾਰਤ ਅੰਦਰ ਵਰਣ-ਵੰਡ, ਜਾਤ-ਪਾਤ, ਘੱਟ ਗਿਣਤੀਆਂ, ਦਲਿਤਾਂ, ਸ਼ੂਦਰਾਂ ਦਾ ਅਤੇ ਔਰਤਾਂ/ ਸ਼ੂਦਰਾਂ ਨੂੰ ਵੇਦ ਨਾ ਪੜ੍ਹਣ ਦੀ ਆਗਿਆ ਨਾ ਹੋਣ ਦਾ ਜ਼ਿਕਰ, ਜਿਸ ਪੁਸਤਕ 'ਚ ਜਿੱਥੇ ਵੀ ਸੀ, ਉਹ ਕੱਢ ਦਿੱਤਾ ਗਿਆ ਹੈ। ਦਲਿਤ ਨੂੰ ਆਪਣੇ ਪਿਤਾ-ਪੁਰਖੀ ਕਿੱਤੇ (ਖੇਤ ਮਜ਼ਦੂਰੀ, ਮੈਲਾ ਢੋਣਾ, ਪਸ਼ੂਆਂ ਦਾ ਚੰਮ ਲਾਹੁਣਾ) ਤੋਂ ਬਿਨਾਂ ਹੋਰ ਕੋਈ ਕਿੱਤਾ ਚੁਣਨ ਦੀ ਮਨਾਹੀ ਵਾਲਾ ਹਿੱਸਾ ਵੀ ਕੱਢ ਦਿੱਤਾ ਗਿਆ ਹੈ। (ਸ਼੍ਰੇਣੀ 12, ਇਤਿਹਾਸ) ਨੀਵੀਂ ਜਾਤੀ/ ਦਲਿਤ ਲਈ ਅਧੀਨਗੀ ਨਾਲ ਵਿਚਰਨ ਦੇ ਸਦਾਚਾਰ (ਉੱਚੀ ਜਾਤੀ ਕੋਲੋਂ ਲੰਘਣ ਸਮੇਂ ਜੁੱਤੀ ਲਾਹ ਕੇ ਹੱਥ 'ਚ ਫੜਨਾ, ਸਿਰ ਤੋਂ ਪੱਗ ਉਤਾਰ ਕੇ ਚਲਣਾ, ਸਿਰ ਝੁਕਾ ਕੇ ਖੜ੍ਹੇ ਹੋਣਾ, ਗਾਲ੍ਹਾਂ ਸਹਿਣਾ ਆਦਿ) ਲਾਗੂ ਕਰਨ ਦਾ ਵੇਰਵਾ ਵੀ ਗਾਇਬ ਕਰ ਦਿੱਤਾ ਗਿਆ ਹੈ।

ਨੀਵੀਂਆਂ ਜਾਤੀਆਂ/ ਦਲਿਤਾਂ ਵੱਲੋਂ ਆਪਣੇ ਨਾਲ ਹੋ ਰਹੇ ਵਿਤਕਰੇ ਤੇ ਵਧੀਕੀਆਂ ਵਿਰੁੱਧ ਲਾਮਬੰਦੀ/ ਸੰਘਰਸ਼ ਕਰਨ ਦੇ ਜ਼ਿਕਰ ਵਾਲਾ ਹਿੱਸਾ ਵੀ ਛਾਂਗ ਦਿੱਤਾ ਗਿਆ ਹੈ।

ਸਭਨਾਂ ਸ਼੍ਰੇਣੀਆਂ ਦੀਆਂ ਇਤਿਹਾਸ ਦੀਆਂ ਪਾਠ ਪੁਸਤਕਾਂ ਵਿੱਚੋਂ ਮੁਸਲਮਾਨ/ ਮੁਗਲ ਇਤਿਹਾਸ ਦੀ ਭਾਰੀ ਛੰਗਾਈ ਕੀਤੀ ਗਈ ਹੈ। ਮੁਗਲ ਸਲਤਨਤ, ਮੁਗਲ ਦਰਬਾਰ, ਮੁਗਲ ਇਮਾਰਤਸਾਜ਼ੀ ਆਦਿ ਸਭ ਛਾਂਗ ਦਿੱਤੇ ਗਏ ਹਨ। ਇੱਥੋਂ ਤੱਕ ਕਿ ਮਸਜਿਦ ਕੀ ਹੁੰਦੀ ਹੈ, ਇਸ ਵਿੱਚ ਮੁਸਲਮਾਨ ਨਮਾਜ਼ ਕਿਵੇਂ ਪੜ੍ਹਦੇ ਹਨ, ਇਹ ਵੇਰਵਾ ਵੀ ਹਟਾ ਦਿੱਤਾ ਗਿਆ ਹੈ।

ਪਾਠ-ਪੁਸਤਕਾਂ ਵਿੱਚੋਂ ਕੀਤੀ ਗਈ ਉਕਤ ਛਾਂਗ-ਛੰਗਾਈ ਤਾਂ 2022 'ਚ ਹੀ ਕਰ ਕੇ ਸੂਚੀ ਜਾਰੀ ਕਰ ਦਿੱਤੀ ਗਈ ਸੀ, ਜਦਕਿ ਅਜੇ 'ਕੌਮੀ ਪਾਠ-ਪ੍ਰਣਾਲੀ ਚੌਖਟਾ 2023' ਸਿਰੇ ਨਹੀਂ ਸੀ ਚੜ੍ਹਿਆ।

ਉਸ ਸਮੇਂ 'ਇੰਡੀਅਨ ਐੱਕਸਪ੍ਰੈੱਸ' ਦੀ ਜੂਨ, 2022 ਦੀ ਪੜਤਾਲੀਆ ਰਿਪੋਰਟ 'ਚ ਇਹ ਵੀ ਸਾਹਮਣੇ ਆਇਆ ਸੀ ਕਿ 2020 ਦੀ ਦਿਸ਼ਾ-ਸੇਧ ਤਹਿਤ, ਪਾਠਕ੍ਰਮ ਪ੍ਰਣਾਲੀ ਦੀ ਸੋਧ ਲਈ ਵੱਲੋਂ ਗਠਿਤ ਜਿਹੜੇ 25 'ਫੋਕਸ ਗਰੁੱਪ' ਕੰਮ ਕਰ ਰਹੇ ਹਨ, ਉਨ੍ਹਾਂ ਵਿੱਚੋਂ 17 ਗਰੁੱਪਾਂ ਅੰਦਰ ਘੱਟੋ-ਘੱਟ 24 ਮੈਂਬਰ 'ਆਰ ਐੱਸ ਐੱਸ' ਵੱਲੋਂ ਸੰਚਾਲਿਤ ਸੰਸਥਾਵਾਂ ਨਾਲ ਸਿੱਧੇ ਤੌਰ 'ਤੇ ਜੁੜੇ ਹੋਏ ਹਨ।

ਉਸ ਸਮੇਂ ਏਨਾ ਕੁਝ ਬਾਹਰ ਆਉਣ ਦੇ ਬਾਵਜੂਦ ਨਾ ਸਿੱਖਿਆ ਹਲਕਿਆਂ ਤੇ ਨਾ ਹੀ ਸਿਆਸੀ ਹਲਕਿਆਂ ਅੰਦਰ, ਸਿਲੇਬਸ ਛਾਂਗ-ਛੰਗਾਈ ਦਾ ਇਹ ਅਹਿਮ-ਗੰਭੀਰ ਮੁੱਦਾ ਚਰਚਾ ਦਾ ਵਿਸ਼ਾ ਬਣ ਸਕਿਆ।

ਇਸ ਮੁੱਦੇ ਨੂੰ ਲੈ ਕੇ ਇਨ੍ਹਾਂ ਹਲਕਿਆਂ ਅੰਦਰ ਹੋ-ਹੱਲਾ ਤਾਂ ਉਦੋਂ ਮਚਿਆ, ਜਦ 5 ਅਪ੍ਰੈਲ, 2023 ਨੂੰ ਮੁੜ 'ਇੰਡੀਅਨ ਐੱਕਸਪ੍ਰੈੱਸ' ਨੇ ਹੀ ਮੋਟੀਆਂ ਸੁਰਖੀਆਂ ਨਾਲ ਸ਼੍ਰੇਣੀ 12, ਸੈਸ਼ਨ-2023 ਦੀਆਂ ਪਾਠ-ਪੁਸਤਕਾਂ ਵਿੱਚੋਂ ਮਹਾਤਮਾ ਗਾਂਧੀ ਦੇ ਨੱਥੂ ਰਾਮ ਗੋਡਸੇ ਵੱਲੋਂ ਕੀਤੇ ਕਤਲ ਨਾਲ ਜੁੜੇ ਤੱਥਾਂ ਅਤੇ 'ਆਰ ਐੱਸ ਐੱਸ' ਉੱਤੇ ਪਾਬੰਦੀ ਲਾਉਣ ਦੇ ਵੇਰਵਿਆਂ ਦੀ ਉਸ ਛੰਗਾਈ ਦੀ ਖ਼ਬਰ ਛਾਪੀ।

ਇਸ ਉੱਕਤ ਮੁੱਦੇ ਬਾਰੇ ਜਿਨ੍ਹਾਂ ਪੈਰ੍ਹਿਆਂ 'ਚ ਇਹ ਦਰਜ ਹੈ ਕਿ 'ਗਾਂਧੀ ਦਾ ਕਤਲ ਪੂਨੇ ਦੇ ਇੱਕ ਬ੍ਰਾਹਮਣ ਨੱਥੂ ਰਾਮ ਗੋਡਸੇ ਨੇ ਕੀਤਾ ਸੀ, ਜਿਹੜਾ ਕਿ ਇੱਕ ਕੱਟੜ ਹਿੰਦੂ ਅਖਬਾਰ ਦਾ ਸੰਪਾਦਕ ਸੀ।' ਇਹ ਵੀ ਕਿ ਉਸ (ਗਾਂਧੀ) ਨੂੰ ਉਹ ਲੋਕ ਪਸੰਦ ਨਹੀਂ ਸਨ ਕਰਦੇ, ਜਿਹੜੇ ਬਦਲਾ ਲੈਣਾ ਚਾਹੁੰਦੇ ਸਨ ਅਤੇ ਭਾਰਤ ਨੂੰ ਵੀ ਉਸੇ ਤਰ੍ਹਾਂ ਹਿੰਦੂਆਂ ਦਾ ਰਾਸ਼ਟਰ ਬਣਾਉਣਾ ਚਾਹੁੰਦੇ ਸਨ, ਜਿਸ ਤਰ੍ਹਾਂ ਮੁਸਲਮਾਨਾਂ ਦਾ ਪਾਕਿਸਤਾਨ ਬਣਿਆ ਸੀ। ਇਹ ਵੀ ਕਿ ਸਰਕਾਰ ਵੱਲੋਂ ਫਿਰਕੂ ਨਫ਼ਰਤ ਫੈਲਾਉਣ ਵਾਲੇ 'ਆਰ ਐੱਸ ਐੱਸ' ਵਰਗੇ ਸੰਗਠਨਾਂ ਉਪਰ ਕੁਝ ਸਮੇਂ ਲਈ ਪਾਬੰਦੀ ਲਾਈ ਗਈ। ਇਹ ਸਾਰੇ ਪੈਰ੍ਹੇ ਕੱਢ ਦਿੱਤੇ ਗਏ ਹਨ।

ਇਸ ਦੇ ਨਾਲ ਹੀ ਇਹ ਤੱਥ ਸਾਹਮਣੇ ਆਇਆ ਕਿ ਸ਼੍ਰੇਣੀ 11 ਦੀ ਰਾਜਨੀਤੀ ਵਿਗਿਆਨ ਦੀ ਪੁਸਤਕ ਵਿੱਚੋਂ ਭਾਰਤ ਦੇ ਪਹਿਲੇ ਵਿਦਵਾਨ ਸਿੱਖਿਆ ਮੰਤਰੀ ਤੇ ਆਜ਼ਾਦੀ ਘੁਲਾਟੀਏ ਮੌਲਾਨਾ ਆਜ਼ਾਦ ਨਾਲ ਜੁੜੀ ਸਮਗਰੀ ਨੂੰ ਵੀ ਹਟਾ ਦਿੱਤਾ ਗਿਆ ਹੈ। ਸੰਵਿਧਾਨ-ਸਭਾ ਦੀਆਂ ਹੋਈਆਂ ਮੀਟਿੰਗਾਂ ਵਿੱਚੋਂ ਉਸ ਦੀ ਹਾਜ਼ਰੀ ਦਾ ਜ਼ਿਕਰ ਹੀ ਗਾਇਬ ਕਰ ਦਿੱਤਾ ਗਿਆ ਹੈ।

ਇਸੇ ਤਰ੍ਹਾਂ ਭਾਰਤ ਦੀ ਵੰਡ ਸਮੇਂ ਜੰਮੂ-ਕਸ਼ਮੀਰ ਦੇ ਸੰਵਿਧਾਨ ਦੀ ਧਾਰਾ 370 ਤਹਿਤ ਖ਼ੁਦਮੁਖ਼ਤਿਆਰੀ ਦੀਆਂ ਸ਼ਰਤਾਂ ਸਮੇਤ ਭਾਰਤ ਨਾਲ ਹੋਏ ਰਲੇਵੇਂ ਦੇ ਵੇਰਵੇ ਦੀ ਛੰਗਾਈ ਦੀ ਵੀ ਹੁਣ ਜਾਣਕਾਰੀ ਮਿਲੀ ਹੈ।

ਸਮਾਜ ਵਿਗਿਆਨ ਦੀਆਂ ਪਾਠ ਪੁਸਤਕਾਂ ਦੀ ਉਜਾਗਰ ਹੋਈ ਉਕਤ ਛਾਂਗ-ਛੰਗਾਈ ਦੀ ਜਾਣਕਾਰੀ ਤੋਂ ਬਾਅਦ ਮਈ 2022 ਦੀ ਹੀ ਸ਼੍ਰੇਣੀ 9 ਤੇ 10 ਦੀਆਂ ਵਿਗਿਆਨ ਦੀਆਂ ਪੁਸਤਕਾਂ ਦੀ ਛੰਗਾਈ ਦੇ ਹੈਰਾਨਕੁੰਨ ਤੱਥ ਸਾਹਮਣੇ ਆਏ। ਸ਼੍ਰੇਣੀ 10 ਦੀ ਜੀਵ-ਵਿਗਿਆਨ ਦੀ ਪੁਸਤਕ ਦੇ 'ਅਨੂਵੰਸ਼ਕਤਾ ਤੇ ਜੀਵ ਵਿਕਾਸ' ਦੇ ਪਾਠ ਵਿੱਚੋਂ 19ਵੀਂ ਸਦੀ ਦੇ ਮਹਾਨ ਜੀਵ ਵਿਗਿਆਨੀ ਚਾਰਲਸ ਡਾਰਵਿਨ ਦੇ ਸੰਸਾਰ ਭਰ 'ਚ ਪ੍ਰਵਾਨਤ 'ਜੀਵ ਵਿਕਾਸ ਸਿਧਾਂਤ' ਨਾਲ ਸੰਬੰਧਤ ਪੂਰੇ ਦਾ ਪੂਰਾ ਹਿੱਸਾ ਛਾਂਗ ਦਿੱਤਾ ਗਿਆ। ਪਾਠ ਦਾ ਸਿਰਲੇਖ ਕੇਵਲ 'ਅਨੁਵੰਸ਼ਕਤਾ' ਕਰ ਦਿੱਤਾ ਗਿਆ ਹੈ। ਇਸ ਛੰਗਾਈ ਦੇ ਖਿਲਾਫ਼ ਭਾਰਤ ਭਰ ਦੇ 1800 ਵਿਗਿਆਨੀਆਂ ਤੇ ਵਿਗਿਆਨ ਦੇ ਅਧਿਆਪਕਾਂ ਨੇ ਇੱਕ ਜਨਤਕ ਪਟੀਸ਼ਨ ਵੀ ਜਾਰੀ ਕੀਤੀ ਹੈ।

ਸ਼੍ਰੇਣੀ 10 ਦੀ ਰਸਾਇਣਕ ਵਿਗਿਆਨ ਦੀ ਪੁਸਤਕ ਵਿੱਚੋਂ ਰਸਾਇਣਕ ਵਿਗਿਆਨ ਦੀ ਮੂਲ-ਚੂਲ ਦਾ ਪਾਠ ਹੀ ਛਾਂਗ ਦਿੱਤਾ ਗਿਆ ਹੈ। ਗਣਿਤ ਦੀ ਪੁਸਤਕ ਵਿੱਚੋਂ ਅਹਿਮ 'ਪਾਈਥਾਗੋਰਸ ਥਿਓਰਮ' ਕੱਢ ਦਿੱਤੀ ਗਈ ਹੈ। ਅਜੇ ਭਵਿੱਖ 'ਚ ਹੋਰ ਕੀ ਕੁਝ ਛਾਂਗਿਆ ਜਾਣਾ ਹੈ, ਇਹ ਸਮਾਂ ਹੀ ਦੱਸੇਗਾ।

ਪਾਠਕ੍ਰਮ ਦੀ ਛੰਗਾਈ ਬਨਾਮ ਮੋਦੀ ਸਰਕਾਰ ਦਾ ਰਣਨੀਤਕ ਏਜੰਡਾ

ਕੌਮੀ ਸਿੱਖਿਆ ਨੀਤੀ-2020 ਵੱਲੋਂ ਸਕੂਲੀ ਸਿੱਖਿਆ ਦੀ ਸ਼੍ਰੇਣੀ 6 ਤੋਂ 12 ਤੱਕ ਦੀਆਂ ਪਾਠ ਪੁਸਤਕਾਂ ਦੀ ਕੀਤੀ ਗਈ ਉਕਤ ਛਾਂਗ-ਛੰਗਾਈ ਦਾ ਮੁੱਖ ਕਾਰਨ ਕੋਵਿਡ ਦੌਰਾਨ ਬੱਚਿਆਂ ਦੀ ਪੜ੍ਹਾਈ ਦੇ